101/PE

ੴ ਵਾਹਿਗੁਰੂ ਜੀ ਕੀ ਫ਼ਤਹਿ

## ਸਿੰਘ ਸਭਾ ਲਹਿਰ ਦੇ ਮੋਢੀ

# ਪ੍ਰੋ: ਗੁਰਮੁਖ ਸਿੰਘ ਜੀ

ਟ੍ਰੈਕਟ ਨੰ: 31



ਪ੍ਰਕਾਸ਼ਕ

**ਗੁਰਮਤਿ ਮਿਸ਼ਨਰੀ ਕਾਲਜ**

(ਸਰਪ੍ਰਸਤ : ਸ਼੍ਰੋਮਣੀ ਸਿਖ ਸਮਾਜ)

100, ਸੰਤ ਨਗਰ, ਨਵੀਂ ਦਿਲੀ-110024

ਪਹਿਲੀ ਵਾਰ ਅਗਸਤ 1977 ਭੇਟਾ : 30 ਪੈਸੇ

Digitized by Panjab Digital Library | www.panjabdigilib.org

# ਘਰ ਬੈਠੇ ਸਿੱਖ ਧਰਮ ਦੀ ਪੂਰੀ ਤੇ ਸਹੀ ਜਾਣਕਾਰੀ ਦੋ-ਸਾਲਾ (ਡਾਕ ਰਾਹੀਂ) ਕੋਰਸ ਰਾਹੀਂ ਪ੍ਰਾਪਤ ਕਰੋ

ਪ੍ਰਾਸਪੈਕਟਸ (ਫਾਰਮ, ਸਲੇਬਸ, ਨਿਯਮ ਆਦਿ) ਇਕ ਰੁਪਏ ਦਾ ਮਨੀ ਆਰਡਰ ਜਾਂ ਡਾਕ-ਟਿਕਟਾਂ ਭੇਜ ਕੇ ਮੰਗਵਾਓ।

ਪ੍ਰਿੰਸੀਪਲ
ਗੁਰਮਤਿ ਮਿਸ਼ਨਰੀ ਕਾਲਜ
100, ਸੰਤ ਨਗਰ, ਨਵੀਂ ਦਿਲੀ-24

---

ਨਿਰੋਲ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਣ ਵਾਲਾ
ਇਕੋ-ਇਕ ਤ੍ਰਿਭਾਸ਼ੀ ਮਾਸਕ-ਪੱਤਰ

## ਗੁਰਮਤਿ ਮਿਸ਼ਨਰੀ

(ਪੰਜਾਬੀ, ਅੰਗਰੇਜ਼ੀ ਤੇ ਹਿੰਦੀ)

ਹਰ ਗੁਰਸਿਖ ਘਰਾਣੇ ਵਿਚ ਜ਼ਰੂਰ ਪਹੁੰਚਣਾ ਚਾਹੀਦਾ ਹੈ।

ਸਾਲਾਨਾ ਚੰਦਾ : ੪) ਰੁ: ਲਾਈਫ ਮੈਂਬਰਸ਼ਿਪ : 120) ਰੁ:

---

## ਸ਼੍ਰੋਮਣੀ ਸਿੱਖ ਸਮਾਜ ਦੀਆਂ ਪ੍ਰਕਾਸ਼ਨਾਵਾਂ

| | | | |
|---|---|---|---|
| ਪੰਥ ਦਰਦੀਓ ਕੁਝ ਕਰੋ। | ੦-੬੫ | ਸਦ ਸਟੀਕ | ੦-੫੦ |
| ਖ਼ਾਲਸਾ ਨਿਰੂਪਣ | ੦-੪੦ | ਅਕਾਲੀ ਫੂਲਾ ਸਿੰਘ | ੦-੫੦ |
| ਤੇਤੀ ਸਵੱਈਏ ਸਟੀਕ | ੦-੭੫ | ਬਾ: ਬੰਦਾ ਸਿੰਘ ਬਹਾਦਰ | ੧-੦੦ |
| ਸਾਕਾ ਨਨਕਾਣਾ ਸਾਹਿਬ | ੦-੬੦ | ਬਾਬਰਵਾਣੀ ਦੇ ਸ਼ਬਦ | ੦-੬੦ |
| ਮੋਰਚਾ ਗੰਗਸਰ ਜੈਤੋ | ੦-੬੦ | ਸ: ਜੱਸਾ ਸਿੰਘ ਰਾਮਗੜ੍ਹੀਆ | ੦-੫੦ |
| ਸ਼ਹੀਦੀ ਗੁਰੂ ਅਰਜਨ ਸਾਹਿਬ | ੧-੦੦ | ਬੀਬੀ ਭਾਨੀ ਜੀ | ੦-੩੦ |
| ਕਬਿੱਤ (ਅਕਾਲ ਉਸਤਤਿ ਚੋਂ) ਸਟੀਕ | ੧-੦੦ | ਗੁਰਬਾਣੀ ਵਿਆਕਰਣ ਦੇ ਸਰਲ ਨੇਮ | ੦-੨੫ |
| ਸ. ਜੱਸਾ ਸਿੰਘ ਆਹਲੂਵਾਲੀਆ | ੦-੫੦ | ਭਾਈ ਗੁਰਮੁਖ ਸਿੰਘ ਜੀ | ੦-੩੦ |
| ਭਾਈ ਗੁਰਦਾਸ ਜੀ | ੦-੩੦ | ਧਾਰਮਿਕ ਲੇਖ | ੦-੬੦ |
| ਸਿੱਖ ਜੀਵਨ ਜਾਚ | ੦-੨੦ | ਨਵਾਬ ਕਪੂਰ ਸਿੰਘ | ੦-੫੦ |
| ਬਾਬਾਣੀਆਂ ਕਹਾਣੀਆਂ ਭਾ:੧(ਸਾਖੀਆਂ) | ੦-੬੦ | ਪਿਓ ਦਾਦੇ ਦਾ ਖਜ਼ਾਨਾ (ਸ਼ਬਦ) ਭਾ: (੧) | ੦-੬੦ |
| " " ਭਾਗ : ੪ " | ੦-੬੦ | | |
| ਧਰਮ ਪੋਥੀ (੧) | ੦-੫੦ | | |

ਨੋਟ : ਪੁਸਤਕਾਂ ਮੰਗਉਣ ਲਈ ਮਾਇਆ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀ ਪਹਿਲਾਂ ਭੇਜੋ।

Digitized by Panjab Digital Library | www.panjabdigilib.org

# ਪ੍ਰੋ: ਗੁਰਮੁਖ ਸਿੰਘ ਜੀ

ਸੱਚ-ਧਰਮ ਦੇ ਪ੍ਰਚਾਰਕਾਂ ਨੂੰ ਅਨੇਕਾਂ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭੇਖੀ, ਦੰਭੀ ਅਤੇ ਅਧਰਮੀ ਬੰਦੇ ਹਮੇਸ਼ਾ ਅਜਿਹੇ ਪ੍ਰਚਾਰਕਾਂ ਵਿਰੁਧ ਤਰ੍ਹਾਂ ਤਰ੍ਹਾਂ ਦੇ ਦੂਸ਼ਣ ਲਾਉਂਦੇ ਰਹਿੰਦੇ ਹਨ, ਤਾਂ ਜੋ ਅਸਲੀਅਤ ਉੱਘੜ ਕੇ ਸਾਹਮਣੇ ਨਾ ਆ ਸਕੇ। ਇਸੇ ਤਰ੍ਹਾਂ ਜਦ ਗੁਰੂ ਨਾਨਕ ਸਾਹਿਬ ਤੋਂ ਲੈਕੇ ਦਸਮ ਪਾਤਸ਼ਾਹ ਤੀਕ ਸੱਚੇ ਧਰਮ ਦਾ ਪਰਚਾਰ ਕੀਤਾ ਗਿਆ ਅਤੇ ਜ਼ਾਲਮ ਰਾਜਿਆਂ ਨੂੰ ਵੀ ਖਰੀਆਂ ਖਰੀਆਂ ਸੁਣਾਈਆਂ ਗਈਆਂ ਤਾਂ ਜਾਤਿ-ਅਭਿਮਾਨੀ ਲੋਕਾਂ ਨੇ ਸਿੱਖੀ ਦੇ ਪ੍ਰਚਾਰ ਦੇ ਰਾਹ ਵਿਚ ਕਈ ਰੁਕਾਵਟਾਂ ਖੜ੍ਹੀਆਂ ਕੀਤੀਆਂ ਅਤੇ ਜ਼ਾਲਮ ਰਾਜਿਆਂ ਨੇ ਇਸ ਸੱਚੇ-ਸੁੱਚੇ ਧਰਮ ਨੂੰ 'ਝੂਠ ਦੀ ਦੁਕਾਨ' ਕਹਿਣ ਦੀ ਨੀਚ ਹਰਕਤ ਵੀ ਕੀਤੀ। ਅੱਜ ਤੋਂ ੧੦੦ ਸਾਲ ਪਹਿਲਾਂ ਵੀ ਜਦ ਕੁਝ ਪੰਥ ਦਰਦੀ ਮਰਜੀਵੜਿਆਂ ਨੇ ਗੁਰਮਤਿ ਦੇ ਨਿਰੋਲ ਅਤੇ ਸੱਚੇ ਅਸੂਲਾਂ ਦਾ ਪ੍ਰਚਾਰ ਅਰੰਭਿਆ ਤਾਂ ਧਰਮ ਨੂੰ ਆਪਣੇ ਹਿੱਤਾਂ ਲਈ ਵਰਤਣ ਵਾਲੇ ਲੋਕਾਂ ਨੇ ਉਨ੍ਹਾਂ ਨੂੰ ਵੀ ਬਹੁਤ ਭੰਡਿਆ। ਅਕਾਲ ਤਖਤ ਵਰਗੇ ਮਹਾਨ ਅਤੇ ਪਵਿਤਰ ਅਸਥਾਨ ਤੋਂ ਉਨ੍ਹਾਂ ਵਿਰੁਧ ਹੁਕਮਨਾਮੇ ਜਾਰੀ ਕੀਤੇ ਗਏ। ਇਕ ਹੁਕਮਨਾਮਾ ਪ੍ਰੋ: ਗੁਰਮੁਖ ਸਿੰਘ ਜੀ ਦੇ ਵਿਰੁਧ ਵੀ ਜਾਰੀ ਕੀਤਾ ਗਿਆ ਸੀ, ਜਿਸ ਰਾਹੀਂ ਉਨ੍ਹਾਂ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ ਸੀ। ਪਾਠਕਾਂ ਦੀ ਜਾਣਕਾਰੀ ਲਈ ਉਨ੍ਹਾਂ ਦਾ ਜੀਵਨ ਪੇਸ਼ ਕਰ ਰਹੇ ਹਾਂ।

ਹੁਣ ਵੀ ਜੇ ਕੋਈ ਮਾਈ ਦਾ ਲਾਲ ਗੁਰਮਤਿ ਪ੍ਰਚਾਰ ਕਰਨ ਲਈ ਉਠੇ ਤਾਂ ਉਸਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਧਰਮ ਦਾ ਬੁਰਕਾ ਪਾਈ ਅਧਰਮੀ ਬੰਦੇ ਉਸਦੇ ਰਾਹ ਵਿਚ ਰੁਕਵਟਾਂ ਖੜ੍ਹੀਆਂ ਕਰਨਗੇ। ਉਸਨੂੰ ਜਿਸਮਾਨੀ ਤੌਰ ਤੇ ਵੀ ਹਾਨੀ ਪਹੁੰਚਾਈ ਜਾ ਸਕਦੀ ਹੈ। ਭੇਖੀ ਅਤੇ ਪੇਟ-ਪੂਜਕ ਪ੍ਰਚਾਰਕਾਂ ਅਤੇ ਗੁਰਮਤਿ-ਵਿਹੂਣੇ ਪ੍ਰਬੰਧਕਾਂ ਕੋਲੋਂ ਉਸਨੂੰ ਨੀਚ ਤੋਂ ਨੀਚ ਹਰਕਤ ਦੀ ਆਸ ਰੱਖਣੀ ਚਾਹੀਦੀ ਹੈ, ਜੋ ਸਚ-ਧਰਮ ਦੀ ਆਵਾਜ਼ ਨੂੰ ਹਰ ਹੀਲੇ ਦਬਾਉਣਾ ਚਾਹੁੰਦੇ ਹਨ। ਸਚੇ ਧਰਮ ਦੇ ਪ੍ਰਕਾਸ਼ ਵਿਚ ਇਨ੍ਹਾਂ ਨੂੰ ਆਪਣੀ ਪੋਪ ਲੀਲਾ ਦਾ ਕਾਲ ਵਿਖਾਈ ਦਿੰਦਾ ਹੈ। ਕੁਝ ਕੁ ਅਜਿਹੇ ਪ੍ਰਬੰਧਕ ਅਤੇ ਪ੍ਰਚਾਰਕ 'ਗੁਰਮਤਿ ਮਿਸ਼ਨਰੀ ਕਾਲਜ, ਨਵੀਂ ਦਿੱਲੀ' ਦੇ ਸ਼ੁਧ ਸਿੱਖੀ ਪਰਚਾਰ ਤੋਂ ਦੁਖੀ ਹੋਏ ਪਏ ਹਨ ਅਤੇ ਇਸ ਕਾਲਜ ਨੂੰ ਹਰ ਹੀਲੇ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸੰਗਤਾਂ ਨੂੰ ਇਨ੍ਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਭਾਈ ਗੁਰਮੁਖ ਸਿੰਘ ਦਾ ਜਨਮ ਗਰੀਬ ਮਾਪਿਆਂ ਦੇ ਘਰ ਅਪਰਲ ਸੰਨ ੧੮੪੯ ਵਿਚ ਕਪੂਰਥਲੇ ਹੋਇਆ। ਇਹਨਾਂ ਦੇ ਪਿਤਾ ਭਾਈ ਬਸਾਵਾ ਸਿੰਘ ਜੀ ਰਾਜਾ ਸਾਹਿਬ ਕਪੂਰਥਲਾ ਦੇ ਲਾਂਗਰੀ ਸਨ। ਭਾਈ ਬਸਾਵਾ ਸਿੰਘ ਜੀ ਇਸ

Prof. Dr. Harnam Singh Shan



Digitized by Panjab Digital Library | www.panjabdigilib.org

ਤੋਂ ਪਹਿਲਾਂ ਮਹਾਰਾਜਾ ਸ਼ੇਰ ਸਿੰਘ ਜੀ ਦੇ ਪਾਸ ਲਾਹੌਰ ਰਸੋਈਏ ਸਨ ਤੇ ਪਿਛੋਂ ਸੰਨ ੧੮੪੪ ਈ: ਵਿਚ ਜਦ ਉਹ ਸੰਧਾਵਾਲੀਆਂ ਦੇ ਹਥੋਂ ਸ਼ਾਹ ਬਿਲਾਵਲ (ਲਾਹੌਰ) ਦੇ ਸਥਾਨ ਪਰ ਮਾਰੇ ਗਏ ਤਾਂ ਇਹ ਰਾਜਾ ਨਿਹਾਲ ਸਿੰਘ ਆਹਲੂਵਾਲੀਏ ਦੀ ਖਿੱਚ ਦੇ ਕਾਰਨ ਕਪੂਰਥਲੇ ਚਲੇ ਗਏ। ਫੇਰ ਰਾਜਾ ਨਿਹਾਲ ਸਿੰਘ ਦੇ ਸੁਰਗਵਾਸ ਹੋਣ ਉਤੇ ਰਾਜਾ ਰਣਧੀਰ ਸਿੰਘ ਦੇ ਰਾਜਕਾਲ ਵਿਚ ਇਹ ਉਹਨਾਂ ਦੇ ਭਰਾ ਕੰਵਰ ਬਿਕਰਮ ਸਿੰਘ ਦੀ ਸੇਵਾ ਵਿਚ ਰਹਿਣ ਲਗ ਪਏ। ਕੰਵਰ ਸਾਹਿਬ ਸਿੱਖ ਧਰਮ ਵਿਚ ਬੜੇ ਪੱਕੇ, ਨਾਮ-ਬਾਣੀ ਦੇ ਰਸੀਏ, ਹਿੰਦੀ-ਪੰਜਾਬੀ ਦੇ ਕਵੀ ਤੇ ਲੇਖਕ ਅਤੇ ਵਿਦਿਆ-ਪ੍ਰਚਾਰ ਦੇ ਉਸ ਸਮੇਂ ਸਭ ਤੋਂ ਵਡੇ ਹਾਮੀ ਸਨ। ਕੰਵਰ ਹੋਰਾਂ ਦੇ ਸਨੇਹ-ਭਾਵ ਦੇ ਕਾਰਨ ਹੀ ਭਾਈ ਗੁਰਮੁਖ ਸਿੰਘ ਨੇ ਬਚਪਨ ਵਿਚ ਪਹਿਲਾਂ ਕਪੂਰਥਲੇ ਸਰਕਾਰੀ ਸਕੂਲ ਵਿਚ ਤੇ ਫੇਰ ਲਾਹੌਰ ਗਵਰਨਮੈਂਟ ਕਾਲਜ ਵਿਚ ਉਚੇਰੀ ਵਿਦਿਆ ਪ੍ਰਾਪਤ ਕੀਤੀ।

ਪੜ੍ਹਾਈ ਦੇ ਦਿਨਾਂ ਵਿਚ ਚੜ੍ਹਦੀ ਉਮਰੇ ਭਾਈ ਗੁਰਮੁਖ ਸਿੰਘ ਦੇ ਚਿੱਤ ਵਿਚ ਸਿੱਖ-ਧਰਮ ਦੀ ਸੇਵਾ ਕਰਨ ਬਾਰੇ ਕੁਝ ਉਮੰਗ ਕੰਵਰ ਬਿਕ੍ਰਮ ਸਿੰਘ ਜੀ ਦੇ ਸਤਿਸੰਗ ਦੇ ਕਾਰਨ ਜਾਗੀ।

ਸੰਨ ੧੮੭੩ ਵਿਚ ਇਹਨਾਂ ਨੇ ਮਿਸਟਰ ਸੀ. ਪੀਅਰਸਨ ਔਫੀਸ਼ੀਏਟਿੰਗ ਡਾਇਰੈਕਟਰ ਆਫ਼ ਪਬਲਿਕ ਇਨਸਟ੍ਰਕਸ਼ਨ (ਅਰਥਾਤ ਉੱਚ ਅਧਿਕਾਰੀ, ਸਿਖਿਆ ਵਿਭਾਗ) ਪੰਜਾਬ ਦਾ ਇਕ ਅਜਿਹਾ ਚਿਤ੍ਰ ਚਿਤ੍ਰਿਆ ਜਿਸ ਨੂੰ ਦੇਖ ਕੇ ਉਹ ਬੜਾ ਪ੍ਰਭਾਵਿਤ ਹੋਇਆ ਅਤੇ ਉਸ ਨੇ ਖੁਸ਼ ਹੋ ਕੇ ਇਹਨਾਂ ਬਾਰੇ ਰੁੜਕੀ ਜਾ ਕੇ ਇੰਜਨੀਅਰੀ ਦੀ ਪੜ੍ਹਾਈ ਕਰਨ ਦੀ ਸਿਫਾਰਸ਼ ਕਰ ਦਿਤੀ। ਭਾਈ ਸਾਹਿਬ ਦੀ ਰੁਚੀ ਉਸ ਸਮੇਂ ਇੰਜਨੀਅਰ ਬਣਨ ਵਲ ਨਹੀਂ ਸੀ ਸਗੋਂ ਕਿਸੇ ਹੋਰ ਪਾਸੇ ਸੀ। ਇਸ ਲਈ ਇਹਨਾਂ ਨੇ ਅਗੋਂ ਸਾਫ਼ ਇਨਕਾਰ ਕਰ ਦਿੱਤਾ। ਫੇਰ ਇਹਨਾਂ ਨੂੰ ਕੰਵਰ ਸਾਹਿਬ ਵਲੋਂ ਕਾਨੂੰਨ ਪੜ੍ਹਨ ਦੀ ਪ੍ਰੇਰਨਾ ਹੋਈ, ਪਰ ਉਸ ਪਾਸਿਓਂ ਵੀ ਆਪ ਕੰਡ ਭਵਾਂ ਗਏ। ਇਸ ਤਰ੍ਹਾਂ ਸੰਸਾਰਕ ਕੰਮਾਂ ਵਲੋਂ ਉਪਰਾਮਤਾ ਹੋਣ ਦਾ ਮੁਖ ਕਾਰਨ ਇਹਨਾਂ ਦੀਆਂ ਕੁਝ ਅਗਾਂਹ ਵਧੂ ਧਾਰਮਿਕ ਰੁਚੀਆਂ ਸਨ ਤੇ ਇਹ ਸੇਵਾ-ਭਾਵ ਦੀ ਉਮੰਗ। ਇਹਨਾਂ ਨੂੰ ਜੇ ਸਹੀ ਅਰਥਾਂ ਵਿਚ ਦੇਖਿਆ ਜਾਵੇ, ਤਾਂ ਨਵਾਬ ਜੱਸਾ ਸਿੰਘ ਆਹਲੂਵਾਲੀਏ ਦੇ ਜੀਵਨ-ਇਤਿਹਾਸ ਤੋਂ ਮਿਲੀ ਸੀ, ਜਿਸ ਕਰਕੇ ਥੋੜ੍ਹਾ ਚਿਰ ਪਿਛੋਂ ਹੀ ਜਦ ਅਜੇ ਆਪ ਬੀ. ਏ. ਕਰ ਰਹੇ ਸਨ ਤਾਂ ਕਾਲਜ ਦੀ ਪੜ੍ਹਾਈ ਕਰਦਿਆਂ ਹੋਇਆਂ ਧਰਮ ਪ੍ਰਚਾਰ ਦੀ ਲਗਨ ਲੱਗ ਪਈ। ਇਸ ਲਈ ਸੰਨ ੧੮੭੬ ਵਿਚ ਭਾਈ ਗੁਰਮੁਖ ਸਿੰਘ ਨੇ ਕੰਵਰ ਬਿਕ੍ਰਮ ਸਿੰਘ ਹੋਰਾਂ ਪਾਸ ਪਹੁੰਚਕੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਚਾਰ ਲਈ ਇਸ ਆਸ਼ੇ ਦਾ ਐਲਾਨ ਕਰ ਦਿੱਤਾ:—

੧. ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕੀਤਾ ਜਾਵੇ।
੨. ਸਿੱਖਾਂ ਦੀ ਧਾਰਮਿਕ ਤੇ ਵਿਹਾਰਿਕ ਵਿਦਿਆ ਲਈ ਜਤਨ ਕੀਤੇ ਜਾਣ।



Digitized by Panjab Digital Library | www.panjabdigilib.org

੩. ਅਨਮਤਾਂ ਵਿਚ ਘੁਲ ਮਿਲ ਰਹੇ ਸਿੱਖਾਂ ਨੂੰ ਉਸ ਪਾਸਿਓਂ ਰੋਕ ਕੇ ਪੱਕੇ ਧਾਰਮਿਕ ਤੇ ਕੌਮ-ਪ੍ਰਸਤ ਬਣਾਇਆ ਜਾਵੇ।

ਇਹ ਵਿਚਾਰ ਉਸ ਸਮੇਂ ਐਨ ਅਨੁਕੂਲ ਸਨ, ਕਿਉਂਕਿ ਸਿੱਖ ਬੱਚੇ ਈਸਾਈਆਂ ਦੇ ਮਿਸ਼ਨ ਸਕੂਲਾਂ ਵਿਚ ਪੜ੍ਹਕੇ ਦਿਨੋ ਦਿਨ ਈਸਾਈਅਤ ਵਲ ਝੁਕ ਰਹੇ ਸਨ ਤੇ ਦੂਜੇ ਬੰਨੇ ਨਾਮਧਾਰੀ ਲਹਿਰ, ਜੋ ਸੰਨ ੧੮੫੭ ਤੋਂ ਸੰਨ ੧੮੭੨ ਤਕ ਸਿੱਖਾਂ ਦੇ ਸੁਧਾਰ ਲਈ ਪੂਰੇ ਜ਼ੋਰ ਸ਼ੋਰ ਨਾਲ ਚੱਲੀ, ਅੰਮ੍ਰਿਤਸਰ, ਰਾਇਕੋਟ ਤੇ ਮਲੇਰ ਕੋਟਲੇ ਦੇ ਬੁਚੜ-ਮਾਰੂ ਹਮਲਿਆਂ ਦੇ ਕਾਰਣ ਸਰਕਾਰ ਅੰਗਰੇਜ਼ੀ ਨਾਲ ਸਿੱਧੀ ਟੱਕਰ ਲੈਣ ਕਰਕੇ ਸੰਨ ੧੮੭੨ ਵਿਚ ਹੀ ਬਾਬਾ ਰਾਮ ਸਿੰਘ ਜੀ ਦਾ ਦੇਸ਼-ਨਿਕਾਲਾ ਹੋਣ ਉਤੇ, ਖਤਮ ਹੋ ਚੁਕੀ ਸੀ। ਕੰਵਰ ਬਿਕ੍ਰਮ ਸਿੰਘ ਨੇ ਭਾਈ ਗੁਰਮੁਖ ਸਿੰਘ ਦੇ ਇਹ ਅਗਾਂਹ ਵਧੂ ਵਿਚਾਰ ਸੁਣਕੇ, ਇਸ ਵਿਚ ਆਪਣੀ ਘਾਲਣਾ ਸਫਲ ਹੋਈ ਸਮਝੀ ਤੇ ਅਗੋਂ ਲਈ ਭਾਈ ਸਾਹਿਬ ਨੂੰ ਇਸ ਖੇਤਰ ਵਿਚ ਹਰ ਤਰ੍ਹਾਂ ਦੀ ਸਹਾਇਤਾ ਦਾ ਇਕਰਾਰ ਦੇ ਦਿੱਤਾ।

ਇਹਨਾਂ ਦੀ ਅਣਥੱਕ ਕੋਸ਼ਿਸ਼ ਨਾਲ ਪੰਜਾਬ ਯੂਨੀਵਰਸਿਟੀ ਕਾਲਜ ਨੇ ਪੰਜਾਬੀ ਬੋਲੀ ਸੰਨ ੧੮੭੭ ਈ: ਵਿਚ ਕਬੂਲ ਕਰ ਲਈ ਤੇ ਓਰੀਐਂਟਲ ਕਾਲਜ ਵਿਚ ਇਸ ਦੀਆਂ ਸਪੈਸ਼ਲ ਕਲਾਸਾਂ ਖੁਲ੍ਹ ਗਈਆਂ।

ਯੂਨੀਵਰਸਿਟੀ ਵਿਚ ਪੰਜਾਬੀ ਮਨਜ਼ੂਰ ਹੋਣ ਸਾਰ ਹੀ ਭਾਈ ਗੁਰਮੁਖ ਸਿੰਘ ਜੀ ਓਰੀਐਂਟਲ ਕਾਲਿਜ ਵਿਚ ਪ੍ਰੋਫੈਸਰ ਲਗ ਗਏ ਤੇ ਉਥੇ ਸੰਨ ੧੮੮੫ ਤਕ ਬੀ. ਓ. ਐਲ; ਐਮ. ਓ. ਐਲ; ਕਲਾਸਾਂ ਨੂੰ ਹਿਸਾਬ, ਇਤਿਹਾਸ ਅਤੇ ਫਿਲਾਸਫੀ ਪੜ੍ਹਾਉਂਦੇ ਰਹੇ। ਸੰਨ ੧੮੮੫ ਤੋਂ ਪਿਛੋਂ ਇਹਨਾਂ ਦੀ ਬਦਲੀ ਗਵਰਨਮੈਂਟ ਕਾਲਜ ਵਿਚ ਹੋ ਗਈ, ਜਿਥੇ ਇਹ ਜੂਨੀਅਰ ਕਲਾਸਾਂ ਨੂੰ ਹਿਸਾਬ ਅਤੇ ਇਤਿਹਾਸ ਪੜ੍ਹਾਉਣ ਲਗੇ। ਉਸ ਵੇਲੇ ਇਹਨਾਂ ਤੋਂ ਛੁਟ ਪੰਜਾਬੀ ਦਾ ਹੋਰ ਕੋਈ ਪ੍ਰੋਫੈਸਰ ਮਿਲਣਾ ਕਠਨ ਸੀ, ਇਸ ਲਈ ਸੰਨ ੧੮੮੮ ਵਿਚ ਇਹ ਫੇਰ ਓਰੀਐਂਟਲ ਕਾਲਜ ਵਿਚ ਬਦਲੇ ਗਏ। ਉਸ ਵੇਲੇ ਅਜ ਕਲ ਦੀ ਤਰ੍ਹਾਂ ਪੰਜਾਬੀ ਇਮਤਿਹਾਨਾਂ ਵਿਚ ਕਿੱਸੇ-ਕਹਾਣੀਆਂ ਨਹੀਂ ਸਨ ਰਖੇ ਹੋਏ। ਵਿਦਿਆਰਥੀਆਂ ਨੂੰ ਬੜੇ ਵਿਦਵਤਾ ਭਰੇ ਗ੍ਰੰਥ ਪੜ੍ਹਨੇ ਪੈਂਦੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਤੋਂ ਜਾਣੂ ਹੋਣਾ ਲਾਜ਼ਮੀ ਸੀ। ਭਾਈ ਸਾਹਿਬ ਨੇ ਵਿਦਿਆਰਥੀਆਂ ਦੀ ਸੌਖ ਵਾਸਤੇ ਗੁਰਬਾਣੀ ਦੇ ਮੁਸ਼ਕਲ ਸ਼ਬਦਾਂ ਦੇ ਭਾਵ-ਅਰਥ ਦੱਸਣ ਲਈ ਇਕ ਕਿਤਾਬ ਲਿਖੀ ਤੇ ਰਸਾਲਾ "ਸੁਧਾਰਕ" ਜਾਰੀ ਕੀਤਾ। ਇਹਨਾਂ ਨੇ ਥਾਂ ਪਰ ਥਾਂ ਜਾਕੇ ਸਿੱਖ ਨੌਜਵਾਨਾਂ ਨੂੰ ਉਭਾਰਨਾ ਸ਼ੁਰੂ ਕੀਤਾ ਅਤੇ ਉਹਨਾਂ ਦੀ ਸੰਭਾਲ ਲਈ ਪੰਥ ਦੇ ਕੁਝ ਬਾਰਸੂਖ ਸਜਣਾਂ ਨੂੰ ਇਕ ਲੜੀ ਵਿਚ ਪਰੋਣ ਦਾ ਜਤਨ ਅਰੰਭਿਆ। ਇਹਨਾਂ ਦੀ ਇਸੇ ਕੋਸ਼ਿਸ਼ ਦਾ ਹੀ ਫਲ ਸੀ, ਜੋ ਸੰਨ ੧੮੭੯ ਵਿਚ ਲਾਹੌਰ ਸਿੰਘ ਸਭਾ ਕਾਇਮ ਹੋ ਗਈ। (ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ੧੮੭੩ ਈ: ਵਿਚ ਪਹਿਲਾਂ ਹੀ ਸਥਾਪਿਤ ਹੋ ਚੁਕੀ ਸੀ)।



Digitized by Panjab Digital Library | www.panjabdigilib.org

ਇਸ ਸਭਾ ਦੇ ਬਣਨ ਤੋਂ ਇਕ ਸਾਲ ਪਿਛੋਂ ਭਾਈ ਗੁਰਮੁਖ ਸਿੰਘ ਜੀ ਅੰਮ੍ਰਿਤਸਰ ਗਏ ਤੇ ਭਾਈ ਕਰਮ ਸਿੰਘ ਪੁਜਾਰੀ ਨੂੰ ਨਾਲ ਲੈ ਕੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਏ ਨੂੰ ਮਿਲੇ। ਭਾਈ ਸਾਹਿਬ ਦੇ ਕਹਿਣ ਉਤੇ ਇਹਨਾਂ ਸਰਦਾਰ ਹੁਰਾਂ ਸਿੰਘ ਸਭਾ ਵਿਚ ਅਗੇ ਹੋ ਕੇ ਕੰਮ ਕਰਨਾ ਮੰਨ ਲਿਆ, ਜਿਸ ਕਰਕੇ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਵੀ ਚਮਕ ਪਈ। ਇਥੋਂ ਮੁੜਕੇ ਭਾਈ ਸਾਹਿਬ ਨੇ ਸਿੰਘ ਸਭਾ ਲਹਿਰ ਨੂੰ ਪੱਕੇ ਪੈਰਾਂ ਤੇ ਚਲਾਉਣ ਲਈ ਹੋਰ ਜਤਨ ਅਰੰਭੇ। ਭਾਈ ਸਾਹਿਬ ਭਾਈ ਜਵਾਹਰ ਸਿੰਘ ਜੋ ਉਸ ਸਮੇਂ ਆਰੀਆ ਸਮਾਜ ਦੇ ਸਕੱਤਰ ਸਨ, ਆਪਣੇ ਨਾਲ ਮਿਲਾਏ। ਬੜੇ ਵਿਦਵਾਨ ਸਨ। ਅੰਗਰੇਜ਼ੀ ਇਹਨਾਂ ਨੂੰ ਬਹੁਤ ਚੰਗੀ ਆਉਂਦੀ ਸੀ ਤੇ ਇਹ ਲਾਹੌਰ ਰੇਲਵੇ ਦੇ ਕਰਮਚਾਰੀ ਸਨ। ਖਾਨਦਾਨੀ ਸਿੱਖ ਹੋਣ ਤੇ ਵੀ, ਸਿੱਖਾਂ ਵਲੋਂ ਗੁਰਮਤਿ ਪਰਚਾਰ ਦੀ ਅਨਗਹਿਲੀ ਦੇ ਕਾਰਨ ਇਹਨਾਂ ਨੂੰ ਆਰੀਆ ਸਮਾਜ ਨੇ ਆਪਣੇ ਵਲ ਧਰੂਹ ਲਿਆ ਸੀ। ਪਰ ਭਾਈ ਗੁਰਮੁਖ ਸਿੰਘ ਨੇ ਮੌਕੇ ਤੇ ਪੁਜਕੇ ਇਹਨਾਂ ਨੂੰ ਬਚਾ ਲਿਆ ਤੇ ਸਿੰਘ ਸਜਾ ਲਿਆ। ਇਹਨਾਂ ਦੇ ਮਿੱਤਰ ਗਿਆਨੀ ਦਿੱਤ ਸਿੰਘ ਜੀ ਵੀ ਜੋ ਪਹਿਲਾਂ ਗੁਲਾਬ ਦਾਸੀਏ ਤੇ ਆਰੀਆ ਸਮਾਜੀ ਬਣ ਗਏ ਸਨ, ਖਿੱਚੇ ਚਲੇ ਆਏ। ਇਹ ਵੀ ਪਹਿਲਾਂ ਆਰੀਆ ਸਮਾਜ ਦਾ ਪਰਚਾਰ ਕਰਦੇ ਸਨ। ਭਾਈ ਸਾਹਿਬ ਦੇ ਦਿਲ ਵਿਚ ਚੂੰਕਿ ਕੌਮੀ ਸੁਧਾਰ ਦੀ ਅਨੋਖੀ ਲਗਨ ਸੀ, ਇਸ ਲਈ ਇਹਨਾਂ ਦੇ ਦਿਲੀ ਉਬਾਲ ਤੋਂ ਮਹਾਂਸਾਗਰ ਦੀ ਤਰਾਂ ਅਜਿਹੇ ਬੁਖਾਰਾਤ ਉਠੇ ਜੋ ਸਾਰੇ ਸਿੱਖ ਹਿਰਦਿਆਂ ਵਿਚ ਮੀਂਹ ਵਾਂਗੂ ਵਰਸ ਗਏ। ਪੰਜਾਬ ਦੇ ਲਗ ਪਗ ਹਰੇਕ ਇਲਾਕੇ ਵਿਚ ਸਿੰਘ ਸਭਾਵਾਂ ਬਣ ਗਈਆਂ। ਸਿੱਖ ਰਿਆਸਤਾਂ ਅਤੇ ਮਲਵਈ ਇਲਾਕਿਆਂ ਨੇ ਵੀ ਇਸ ਸੇਵਾ ਵਿਚ ਗਹਿਰੀ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ। ਇਸ ਉਸਾਰੂ ਪ੍ਰੋਗਰਾਮ ਦੇ ਸਮੇਂ ਪਤਾ ਨਹੀਂ ਕਿਉਂ, ਅੰਮ੍ਰਿਤਸਰੀ ਸਜਨਾਂ ਵਲੋਂ ਸਵਾਲ ਛਿੜਿਆ ਕਿ ਅੰਮ੍ਰਿਤਸਰ ਦੀ ਸਿੰਘ ਸਭਾ ਵੱਡੀ ਹੈ ਜਾਂ ਲਾਹੌਰ ਦੀ। ਉਹਨਾਂ ਦੇ ਛੇਕੜ ਇਹਨਾਂ ਦੋਹਾਂ ਵਲੋਂ ਬਹਿਸ ਦਾ ਦਿਨ ਮਿਥਿਆ ਗਿਆ, ਜਿਸ ਵਿਚ ਫੈਸਲੇ ਦੇ ਤੌਰ ਤੇ ਦੋਹਾਂ ਸਭਾਵਾਂ ਦੀ ਨਿਗਰਾਨੀ ਵਾਸਤੇ ਇਕ ਜਨਰਲ ਸਭਾ ਬਣਾਈ ਗਈ ਤੇ ਇਸ ਦਾ ਨਾਂ ਰਖਿਆ ਗਿਆ ਖਾਲਸਾ ਦੀਵਾਨ (ਅੰਮ੍ਰਿਤਸਰ)। ਇਹ ਘਟਨਾ ਸੰਨ ੧੮੮੩ ਈ: ਦੀ ਹੈ। ਇਸ ਜਨਰਲ ਸਭਾ ਦੇ ਪਹਿਲੇ ਪਰਧਾਨ ਸਰਦਾਰ ਮਾਨ ਸਿੰਘ ਤੇ ਸਕੱਤਰ ਭਾਈ ਗਣੇਸ਼ਾ ਸਿੰਘ ਸਨ। ਪਿਛੋਂ ਦੂਜੇ ਪਰਧਾਨ ਸਰਦਾਰ ਠਾਕੁਰ ਸਿੰਘ ਜੀ ਸੰਧਾਵਾਲੀਏ ਤੇ ਸਕੱਤਰ ਭਾਈ ਨੌਰੰਗ ਸਿੰਘ ਥਾਪੇ ਗਏ। ਇਸ ਤਰਾਂ ਦੋਹਾਂ ਧੜਿਆਂ ਦੀ ਆਪਸ ਵਿਚ ਏਕਤਾ ਵੀ ਹੋ ਗਈ ਤੇ ਕੰਮ ਵੀ ਚਲ ਪਿਆ, ਪਰੰ ਇਹ ਮਿੱਤਰਤਾ ਇਕ ਪੱਖੀ ਹੋਣ ਕਰਕੇ ਬਹੁਤੇ ਦਿਨ ਨਿਭ ਨਾ ਸਕੀ ਤੇ ਫੇਰ ਛੇਤੀ ਹੀ ਇਸ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ। ਕਾਰਨ ਇਹ ਹਨ :

੧. ਸਿੰਘ ਸਭਾ, ਲਾਹੌਰ ਜਿਤਨੀ ਅਗਾਂਹ ਵਧੂ ਸੀ, ਸਿੰਘ ਸਭਾ ਅੰਮ੍ਰਿਤਸਰ ਉਤਨੀ ਪਿਛਾਂਹ ਖਿੱਚੂ ਸੀ। ਪਹਿਲੀ ਸਭਾ ਦੇ ਮੈਂਬਰ ਕੱਟਰ ਖਿਆਲਾਂ ਦੇ ਸਿੱਖ ਸਨ



Digitized by Panjab Digital Library | www.panjabdigilib.org

ਤੇ ਦੂਜੀ ਦੇ ਮੈਂਬਰਬੇ' ਦੀ ਸੋਢੀ ਆਦਿ ਸਨਾਤਨੀ ਸਿੱਖ। ਦੋਹਾਂ ਦੀ ਮਿਲਵੀਂ ਜਨਰਲ ਸਭਾ ਅਰਥਾਤ ਖਾਲਸਾ ਦੀਵਾਨ ਵਿਚ ਵੀ ਬਹੁਤੇ ਆਦਮੀ ਸਿੰਘ ਸਭਾ, ਅੰਮ੍ਰਿਤਸਰ ਦੇ ਆਪਣੇ ਹੀ ਸਨ।

੨. ਇਖਤਲਾਫ ਦਾ ਖਾਸ ਕਾਰਨ ਇਹ ਸੀ ਕਿ ਬੇਦੀ, ਸੋਢੀ ਆਦਿ ਉਹ ਬਾਵੇ ਅੰਮ੍ਰਿਤਸਰੀ ਸਭਾ ਦੇ ਮੈਂਬਰ ਸਨ, ਜੋ ਗੁਰ-ਵੰਸੀ ਹੋਣ ਕਰਕੇ ਆਪਣੇ ਆਪ ਨੂੰ ਹੋਰ ਸਿੱਖਾਂ ਨਾਲੋਂ ਬਹੁਤੇ ਉਚੇ ਮੰਨਦੇ ਸਨ ਤੇ ਉਹਨਾਂ ਵਿਚੋਂ ਮੋਢੀ ਬਾਵਾ ਖੇਮ ਸਿੰਘ ਜੀ ਬੇਦੀ ਗੁਰੂ ਕਹਾਉਂਦੇ ਤੇ ਸਿਖਾਂ ਤੋਂ ਆਪਣੇ ਪੈਰ ਪੁਜਾਉਂਦੇ ਸਨ। ਇਹ ਬਾਵਾ ਸਾਹਿਬ ਬੇਸ਼ਕ ਬੜੇ ਉਚਾ ਜੀਵਨ ਰੱਖਣ ਵਾਲੇ ਮਹਾਤਮਾ ਸਨ ਤੇ ਇਹਨਾਂ ਨੇ ਪੋਠੋਹਾਰ ਆਦਿ ਇਲਾਕਿਆਂ ਵਿਚ ਜਿਥੇ ਇਹਨਾਂ ਦੀ ਸਿੱਖੀ ਸੇਵਕੀ ਸੀ, ਵਿਦਿਆ ਫੈਲਾਕੇ ਗੁਰਮਤਿ ਦਾ ਪਰਚਾਰ ਵੀ ਕਾਫੀ ਕੀਤਾ ਸੀ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ-ਨਿਵਾਜੇ ਖਾਲਸਾ ਪੰਥ ਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਗਦੇਲੇ ਲਾ ਕੇ ਬੈਠਣਾ ਇਹਨਾਂ ਦੇ ਲਈ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਸੀ। ਇਸ ਤੋਂ ਇਲਾਵਾ ਇਹਨਾਂ ਦੀ ਪਾਰਟੀ ਕੂਕਿਆਂ ਦੇ ੧੨ਵੇਂ ਗੁਰੂ ਦੀ ਹਮਾ-ਇਤ ਕਰਦੀ ਸੀ ਤੇ ਉਸਨੂੰ ਗੁਰੂ ਮੰਨਦੀ ਸੀ। ਆਪਣੇ ਆਪ ਨੂੰ ਵੀ ਗੁਰੂ ਮਨਾਉਂਦੇ ਸਨ। ਬਹੁਤੇ ਸਿੱਖ ਇਹਨਾਂ ਦੇ ਇਸ ਵਰਤਾਉ ਤੋਂ ਤੰਗ ਸਨ ਤੇ ਇਸ ਵਿਚ ਗੁਰੂ ਪੰਥ ਦੀ ਹਤਕ ਸਮਝਦੇ ਸਨ।

੩. ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਮੁਕਾਬਲੇ ਤੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਿਚ ਸਮੇਂ ਦੀ ਨੀਤੀ ਵਿਚਾਰਨ ਦਾ ਘਾਟਾ ਸੀ, ਜੋ ਅੱਗੇ ਚਲਕੇ ਇਸ ਦੇ ਅੰਤ ਦਾ ਕਾਰਨ ਬਣਿਆ।

੪. ਭਾਈ ਗੁਰਮੁਖ ਸਿਘ ਜੀ ਚਾਹੇ ਕਿਤਨੇ ਹੀ ਉਚੇ ਸੁਚੇ, ਲਾਇਕ ਤੇ ਪੰਥਕ ਸੁਧਾਰਾਂ ਦੇ ਜਨਮ ਦਾਤਾ ਸਨ, ਪਰ ਇਕ ਗਰੀਬ ਪਿਤਾ ਦੇ ਪੁਤਰ ਹੋਣ ਕਰਕੇ ਸਿੰਘ ਸਭਾ ਅੰਮ੍ਰਿਤਸਰ ਦੇ ਸਮਾਏਦਾਰ ਤੇ ਸਰਦਾਰ ਮੈਂਬਰ ਉਹਨਾਂ ਨੂੰ ਨੀਵਾਂ ਹੀ ਸਮਝਦੇ ਸਨ। ਅੰਮ੍ਰਿਤਸਰੀ ਪਾਰਟੀ ਨੇ ਭਾਈ ਗੁਰਮੁਖ ਸਿੰਘ ਨੂੰ "ਚੀਫ ਸਕੱਤ੍ਰੀ" ਦਾ ਭੁਖਾ ਤੇ "ਲਾਂਗਰੀ ਦਾ ਤੁਖਮ" ਕਹਿਕੇ ਫਿਟਕਾਰਿਆ ਅਰ ਆਪਣੀ ਨਿਯਮਾਵਲੀ ਹੋਰ ਘੜ ਲਈ, ਜੋ ਪਿਛੋਂ ਬਹੁ-ਸੰਮਤੀ ਨਾਲ ਪਰਵਾਨ ਕਰਕੇ ਛਾਪੀ ਗਈ। ਉਸ ਨਿਯਮਾਵਲੀ ਦੇ ਅਨੁਸਾਰ ਖਾਲਸਾ ਦੀਵਾਨ ਪਰ ਨਿਗਰਾਨੀ ਕਰਨੀ, ਗਵਰਮੈਂਟ ਦੀ ਖੈਰ ਖਾਹੀ, ਗੁਰਦੁਆਰਿਆਂ ਦੀ ਪੁਰਾਣੀ ਮਰਯਾਦਾ, ਜੋ ਸਨਾਤਨ ਸਮਝੀ ਜਾਂਦੀ ਹੈ, ਉਸ ਨੂੰ ਜਯੋਂ ਦੇ ਤਯੋਂ ਕਾਇਮ ਰਖਣ ਦੇ ਜਤਨ ਕਰਨੇ, ਤੇ ਖਾਲਸਾ ਦੀਵਾਨ ਦੇ ਮੁਖੀ ਜਥੇ ਬਣਾਏ ਗਏ।

ਇਸ ਤੋਂ ਇਲਾਵਾ ਨਿਯਮ ਨੰਬਰ (੭੧) ਅਤੇ (੭੩) ਵਿਚ ਗੁਰ ਅੰਸ਼ ਦਾ ਸਨਮਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗਦੇਲੇ ਲਾ ਕੇ ਬੈਠਣ ਦੀ ਪਰੋੜ੍ਹਤਾ, ਲਾਜ਼ਮੀ ਸਮਝ ਕੇ, ਕੀਤੀ ਗਈ ਅਤੇ ਮਾਤਹਿਤ ਸਭਾਵਾਂ ਦੇ ਨਾਉਂ ਇਸ ਤਰ੍ਹਾਂ ਕਲਪੇ ਗਏ :—

੧. ਸ੍ਰੀ ਗੁਰੂ ਸਿੰਘ ਸਭਾ ੨. ਸ੍ਰੀ ਗੁਰੂ ਸਿੱਖ ਸਿੰਘ ਸਭਾ ੩, ਸਿੱਖ ਭਸਾ ੪. ਸ੍ਰੀ ਗੁਰੂ ਨਾਨਕ ਪੰਥ ਪ੍ਰਕਾਸ਼ ਸਭਾ



Digitized by Panjab Digital Library | www.panjabdigilib.org

ਕੌਮੀ ਲਿਹਾਜ਼ ਨਾਲ ਇਹ ਦੀਵਾਨ ਸਾਂਝਾ ਨਾ ਰਿਹਾ ਤੇ ਸ਼ਖਸੀ ਜਿਹਾ ਬਣ ਗਿਆ। ਖਾਲਸਾ ਦੀਵਾਨ, ਅੰਮ੍ਰਿਤਸਰ ਦੇ ਮੁਖੀਆਂ ਵਲੋਂ ਕੀਤੇ ਹੋਏ ਅਪਮਾਨ ਨੂੰ ਭਾਈ ਗੁਰਮੁਖ ਸਿੰਘ ਸਬਰ ਕਰਕੇ ਸਹਾਰ ਗਏ ਤੇ ਉਭਾਸਰਨਾ ਯੋਗ ਨਾ ਸਮਝਿਆ। ਦਰ-ਅਸਲ ਆਪ ਸ਼ੁਰੂ ਤੋਂ ਹੀ ਪ੍ਰਕ੍ਰਿਤੀ ਦੇ ਅਜਿਹੇ ਸੰਚੇ ਵਿਚ ਢਲੇ ਹੋਏ ਸਨ ਕਿ ਆਪਣੇ ਜੀਵਨ ਨੂੰ ਗੁਰੂ ਪੰਥ ਦੀ ਇਮਾਨਤ ਸਮਝ ਕੇ ਕਦੀ ਮਾਨ-ਅਪਮਾਨ ਦੀਆਂ ਬਰੀਕੀਆਂ ਵਿਚ ਨਹੀਂ ਸਨ ਉਲਝਦੇ। ਜਿਤਨੇ ਵਿਦਿਆ ਵਿਚ ਉਚੇ ਸਨ, ਉਤਨਾ ਹੀ ਇਹਨਾਂ ਨੂੰ ਸਤਿਗੁਰੂ ਨੇ ਸਹਿਨਸ਼ੀਲਤਾ ਦੀ ਦਾਤ ਬਖਸ਼ੀ ਸੀ। ਸੁਭਾਉ ਗੰਭੀਰ ਸੀ ਤੇ ਦਿਲੀ ਵਲਵਲੇ ਸਮੁੰਦਰ ਦੀਆਂ ਲਹਿਰਾਂ ਵਾਂਗੂੰ ਉਚੇ ਉਠਦੇ ਸਨ। ਗਰੀਬੀ ਉਹਨਾਂ ਉਤੰਗ ਤਰੰਗਾਂ ਵਿਚ ਕਾਈ ਦੀ ਤਰ੍ਹਾਂ ਥਪੇੜਾ ਖਾ ਖਾ ਕੇ ਪਿਛੇ ਰਹਿ ਜਾਂਦੀ ਸੀ, ਜਿਸ ਕਰਕੇ ਪੰਥ ਸੇਵਾ ਕਰਦਿਆਂ ਨਾ ਤਾਂ ਇਹਨਾਂ ਦਾ ਦਿਲ ਹੀ ਕਦੀ ਡਕੇ ਡੋਲੇ ਖਾਂਦਾ ਸੀ ਤੇ ਨਾ ਹੀ ਇਹਨਾਂ ਦੀਆਂ ਸੁਧਾਰਕ ਸਕੀਮਾਂ ਵਿਚ ਹੀ ਕੋਈ ਫ਼ਰਕ ਆਉਂਦਾ ਸੀ।

ਭਾਈ ਗੁਰਮੁਖ ਸਿੰਘ ਜੀ ਬੇਸ਼ਕ ਏਕਤਾ ਦੇ ਜ਼ਬਰਦਸਤ ਹਾਮੀ ਸਨ ਅਤੇ ਚਾਹੁੰਦੇ ਸਨ ਕਿ ਸਿੱਖਾਂ ਦਾ ਆਪਸ ਵਿਚ ਮੇਲ ਬਣਿਆ ਰਹੇ ਪਰ ਜਿਥੇ ਕੁਰੀਤੀਆਂ ਦੇ ਪੱਕੇ ਹੋਏ ਫੋੜ ਹੋਣ ਤੇ ਸੁਧਾਰਕ ਚੀਰ ਫਾੜ ਜ਼ਰੂਰੀ ਹੋਵੇ, ਉਥੇ ਬੀਮਾਰਾਂ ਦੇ ਕੁਰਲਾਪ ਨੂੰ ਕਿਥੋਂ ਤਕ ਰੋਕਿਆ ਜਾ ਸਕਦਾ ਹੈ? ਇਹ ਗਲ ਇਹਨਾਂ ਨਾਲ ਹੋਈ। ਸੰਨ ੧੮੮੩ ਵਿਚ ਫੇਰ ਅੰਮ੍ਰਿਤਸਰ, ਖਾਲਸਾ ਦੀਵਾਨ ਦੀ ਇਕੱਤਰਤਾ ਹੋਈ, ਜਿਸ ਵਿਚ ਬਾਰ੍ਹਵੇਂ ਗੁਰੂ ਪਰ ਝਗੜਾ ਛਿੜ ਪਿਆ। ਅੰਮ੍ਰਿਤਸਰੀ ਸੱਜਨ ਬਾਬਾ ਰਾਮ ਸਿੰਘ ਜੀ ਭੈਣੀ ਸਾਹਿਬ (ਲੁਧਿਆਣਾ) ਅਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲਿਆਂ ਨੂੰ ਗੁਰੂ ਮੰਨਦੇ ਸਨ। ਇਸ ਮੰਨਤਾ ਦਾ ਅਸਰ ਇਥੋਂ ਤਕ ਵਧਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਬਾਬਾ ਸਾਹਿਬ ਸਿੰਘ ਜੀ ਦੀ ਮੂਰਤੀ ਰਖ ਕੇ ਪੂਜੀ ਜਾਣ ਲਗ ਪਈ ਸੀ। ਭਾਈ ਗੁਰਮੁਖ ਸਿੰਘ ਨੇ ਮਨਮਤ ਸਮਝਕੇ ਉਹ ਮੂਰਤੀ ਉਥੋਂ ਉਠਵਾ ਦਿਤੀ ਤੇ ਇਸ ਦੇ ਨਾਲ ਹੀ ਬਾਬਾ ਰਾਮ ਸਿੰਘ ਜੀ ਦੀ ਗੁਰਿਆਈ ਅਤੇ ਬਾਬਾ ਖੇਮ ਸਿੰਘ ਜੀ ਦੇ ਗੁਰੂਆਂ ਵਾਂਗ ਗਦੇਲਾ ਲਾ ਕੇ ਬੈਠਣੇ ਉਤੇ ਕਰੜੀ ਨੁਕਤਾਚੀਨੀ ਕੀਤੀ। ਸਿੱਖ ਜਨਤਾ ਉਤੇ ਇਸ ਨੁਕਤਾਚੀਨੀ ਦਾ ਗਹਿਰਾ ਅਸਰ ਪਿਆ।

ਮਾਰਚ ਸੰਨ ੧੮੮੪ ਵਿਚ ਲਾਰੰਸ ਹਾਲ ਦੇ ਜਲਸੇ ਵਿਚ ਜਦ ਬਾਬਾ ਖੇਮ ਸਿੰਘ ਜੀ ਨੇ ਲਾਟ ਸਾਹਿਬ, ਪੰਜਾਬ ਨੂੰ ਐਡਰੈਸ ਕੀਤਾ ਤਾ ਇਹ ਜ਼ਾਹਰ ਕੀਤਾ ਕਿ ਮੈਂ ਸਾਰੇ ਸਿਖਾਂ ਦਾ ਗੁਰੂ ਹਾਂ ਤੇ ਸਾਰੇ ਪੰਜਾਬ ਦੇ ਸਿਖਾਂ ਵਲੋਂ ਵਕੀਲ ਬਣਕੇ ਆਇਆ ਹਾਂ। ਸਿੰਘ ਸਭਾ, ਲਾਹੌਰ ਨੇ ਉਹਨਾਂ ਦੇ ਇਸ ਕਥਨ ਨੂੰ ਅਯੋਗ ਸਮਝਿਆ ਤੇ ਸਪਸ਼ਟ ਕਰਕੇ ਦਸਿਆ ਕਿ ਸਿਖਾ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਇਸ ਗਲੋਂ ਆਪਸ ਵਿਚ ਤਕੜੀ ਬਾਖੇਚੋੜ ਹੋ ਪਈ ਤੇ ਸ਼ਖਸ਼ੀ ਵਿਰੋਧਤਾ ਵਾਲੀ ਕਾਰਵਾਈ ਦਾ ਮੁਢ ਬੱਝ ਗਿਆ।



Digitized by Panjab Digital Library | www.panjabdigilib.org

ਅੰਮ੍ਰਿਤਸਰੀ ਤੇ ਲਾਹੌਰੀ ਪਾਰਟੀ ਦੇ ਇਹ ਇਖਤਲਾਫ ਅਸੂਲੀ ਸਨ। ਇਸ ਇਖਤਲਾਫ ਦੇ ਦੌਰਾਨ ਵਿਚ ਖਾਲਸਾ ਕਾਲਜ ਬਨਾਣ ਵਾਸਤੇ ਕਈ ਇਕੱਠ ਹੋਏ। ਸਿੰਘ ਸਭਾ ਲਾਹੌਰ ਵਲੋਂ ਇਕ ਸਕੂਲ ਜਾਰੀ ਕੀਤਾ ਗਿਆ। ਲਾਟ ਸਾਹਿਬ, ਪੰਜਾਬ ਪਾਸ ਦਰਖਾਸਤ ਕਰ ਕੇ ਵਲਾਇਤੋਂ ਪੁਰਾਤਨ ਜਨਮ ਸਾਖੀ (ਸ੍ਰੀ ਗੁਰੂ ਨਾਨਕ ਦੇਵ ਜੀ ਦੀ) ਮੰਗਵਾਈ ਗਈ, ਜੋ ਸਿਖਾਂ ਅਤੇ ਗਵਰਨਮੈਂਟ ਨੇ ਛਾਪ ਕੇ ਤਕਸੀਮ ਕੀਤੀ। ਗਵਰਨਮੈਂਟ ਵਲੋਂ ਮਿਲੇ ਡਾਕਟਰ ਟ੍ਰੰਪ ਕ੍ਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਬਾਬਤ ਸ੍ਰੀ ਗੁਰੂ ਸਿੰਘ ਸਭਾ ਵਿਚ ਵਿਚਾਰ ਛਿੜੀ ਤੇ ਉਸ ਦੇ ਗ਼ਲਤ ਤਰਜਮੇ ਦੇ ਲਈ ਗੁਰਬਾਣੀ ਦਾ ਸਹੀ ਤਰਜਮਾ ਕਰਨ ਵਾਸਤੇ ਮੈਕਾਲਿਫ ਸਾਹਿਬ ਨੇ ਕਮਰਕਸੇ ਕੀਤੇ। ਛਾਪੇਖਾਨਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਗ਼ਲਤ ਛੱਪਦੇ ਦੇਖ ਕੇ ਗੁਰਬਾਣੀ ਕਾਨੂੰਨ ਬਣਾਨ ਦਾ ਫੁਰਨਾ ਭਾਈ ਗੁਰਮੁਖ ਸਿੰਘ ਨੂੰ ਫੁਰਿਆ ਤੇ ਇਸ ਸਬੰਧ ਵਿਚ ਉਹਨਾਂ ਲਾਟ ਸਾਹਿਬ ਪਾਸ ਪੁਜ ਕੇ ਪੂਰੀ ਪੂਰੀ ਕੋਸ਼ਿਸ਼ ਕੀਤੀ ਜੋ ਹਾਲਾਤ ਅਨੁਕੂਲ ਨਾ ਹੋਣ ਕਰਕੇ ਸਿਰੇ ਨਾ ਚੜ੍ਹੀ ਤੇ ਇਸੇ ਤਰ੍ਹਾਂ ਇਸ ਅਰਸੇ ਵਿਚ ਹੋਰ ਵੀ ਅਨੇਕਾਂ ਕੰਮ ਹੋਏ ਅਰ ਭਾਈ ਗੁਰਮੁਖ ਸਿੰਘ ਜੀ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਕੰਮਾਂ ਵਿਚ ਅਗੇ ਹੋ ਕੇ ਹਿੱਸਾ ਲੈਂਦੇ ਰਹੇ।

ਭਾਈ ਗੁਰਮੁਖ ਸਿੰਘ ਜੀ ਨੂੰ ਮਿਲਵਰਤਣ ਦੇ ਸਦਕੇ ਆਸ ਸੀ ਕਿ ਇਹ ਅਸੂਲੀ ਵਿਰੋਧ ਸਦਾ ਨਹੀਂ ਰਹੇਗਾ ਅਤੇ ਦੋ ਧਿਰਾਂ ਦਾ ਮਿਲਾਪ ਜ਼ਰੂਰ ਹੋ ਜਾਵੇਗਾ ਪਰ ਇਹ ਤਦ ਹੀ ਹੋ ਸਕਦਾ ਸੀ ਜੇ ਭਾਈ ਸਾਹਿਬ ਸੁਧਾਰ ਤੋਂ ਹੱਟ ਜਾਂਦੇ ਜਾਂ ਬਾਬਾ ਖੇਮ ਸਿੰਘ ਜੀ ਹੀ ਪਾਰਟੀ ਸਮੇਤ ਬਨਾਉਟੀ ਗੁਰਿਆਈ ਤੋਂ ਮੂੰਹ ਮੋੜ ਲੈਂਦੇ। ਜਿਉਂ ਜਿਉਂ ਭਾਈ ਸਾਹਿਬ ਇਸ ਦਾ ਹਲ ਸੋਚਦੇ ਤਿਉਂ ਤਿਉਂ ਇਹ ਵਧਦਾ ਹੀ ਗਿਆ। ਅੰਤ ਇਸ ਨੂੰ ਦੋਹਾਂ ਧਿਰਾਂ ਵਿਚਕਾਰ ਖੁਲੀ ਸ਼ਕਲ ਦੇਣ ਲਈ ਬਾਵਾ ਨਿਹਾਲ ਸਿੰਘ ਕਲਸੀਆ (ਛੱਛਰੌਲੀ) ਨੇ ੧੮੮੦ ਵਿਚ ਖੁਰਸ਼ੈਦ ਖਾਲਸਾ ਨਾਮੀ ਉਰਦੂ ਕਿਤਾਬ ਲਿਖਕੇ ਪੂਰੀ ਕੀਤੀ। ਇਸ ਕਿਤਾਬ ਵਿਚ ਨਾਮਧਾਰੀਆਂ ਦੇ ਆਗੂ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗਦੀ ਨਸ਼ੀਨ ਜ਼ਾਹਰ ਕੀਤਾ ਗਿਆ ਸੀ, ਇਸੇ ਤਰ੍ਹਾਂ ਹੋਰ ਵੀ ਕਈ ਚਲ ਰਹੀਆਂ ਗੁਰ-ਗਦੀਆਂ ਦਾ ਜ਼ਿਕਰ ਸੀ ਅਤੇ ਵਿਚ ਵਿਚਾਲੇ ਦਲੀਪ ਸਿੰਘ ਦੀ ਦੇਸ਼ ਮੁੜ ਆਉਣ ਦੀ ਤੇ ਸਰਦਾਰ ਠਾਕੁਰ ਸਿੰਘ ਸੰਧਾਵਾਲੀਆ ਦੇ ਵਜ਼ੀਰ ਬਣਨ ਦੀ ਕਲਪਨਾ ਵੀ ਸੀ। ਇਹ ਕਿਤਾਬ ਸਿੱਖਾਂ ਲਈ ਖਤਰਨਾਕ ਸਮਝੀ ਗਈ, ਜਿਸ ਕਰਕੇ ਇਸ ਦੇ ਵਿਰੁਧ ਜ਼ਬਰਦਸਤ ਐਕਸ਼ਨ ਲੈ ਕੇ ਤੇ ਇਸ ਦੇ ਲੇਖਕ ਨੂੰ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਵਲੋਂ ਛੇਕਿਆ ਗਿਆ। ਅੰਮ੍ਰਿਤਸਰੀ ਪਾਰਟੀ ਨੇ ਬਿਨਾਂ ਸੋਚੇ ਸਮਝੇ ਭਾਈ ਗੁਰਮੁਖ ਸਿੰਘ ਨੂੰ ਇਸ ਗਲੋਂ ਬੁਰਾ ਕਿਹਾ। 'ਖੁਰਸ਼ੈਦ ਖਾਲਸਾ' ਦੀ ਐਲਾਨੀਆਂ ਹਮਾਇਤ ਸ਼ੁਰੂ ਕਰ ਦਿਤੀ ਅਤੇ ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਨੇ ਇਸ ਕਿਤਾਬ ਬਾਰੇ ਇਸ ਤਰ੍ਹਾਂ ਲਿਖਿਆ :—

ਸਹੀ ਸਹੀ ਸਭ ਭਾਂਤ ਤੇ, ਤਾਤੀ ਪਯਹਿ ਉਮੈਦ।
ਪ੍ਰਗਟਯੋ ਪ੍ਰਾਚੀ ਦਿਸ਼ਾ ਤੇ, ਸ੍ਰੀ ਖਾਲਸੇ ਖੁਰਸ਼ੈਦ॥



Digitized by Panjab Digital Library | www.panjabdigilib.org

ਇਸ ਤਰ੍ਹਾਂ ਹੋਰ ਵੀ ਮੋਢੀਆਂ ਨੇ ਰਾਵਾਂ ਦਿਤੀਆਂ ਉਹਨਾਂ ਦੇ ਇਸ ਤਰਜ਼ਿ ਅਮਲ ਨੂੰ ਦੇਖਕੇ ਹਰੇਕ ਜ਼ਿਲੇ ਦੇ ਸਿਆਣੇ ਸਿਆਣੇ ਸਿੱਖ, ਜਿਨ੍ਹਾਂ ਉਤੇ ਸਿੰਘ ਸਭਾ ਦੇ ਪਰਚਾਰ ਦਾ ਅਸਰ ਪਿਆ ਸੀ, ਦਿਲੋਂ ਖਾਲਸਾ ਦੀਵਾਨ, ਅੰਮ੍ਰਿਤਸਰ ਨਾਲੋਂ ਟੁਟ ਗਏ ਤੇ ਸਿੰਘ ਸਭਾ ਲਾਹੌਰ ਨੂੰ ਰਹਿਰਾਸਤੀ ਉਤੇ ਸਮਝਕੇ ਉਸ ਵਲ ਝੁਕਣ ਲਗ ਪਏ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਦ (ਅਕਤੂਬਰ ਸੰਨ ੧੮੮੫ ਨੂੰ) ਦੋਹਾਂ ਧਿਰਾਂ ਦੀ ਅੰਮ੍ਰਿਤਸਰ ਇਕੱਤਰਤਾ ਹੋਈ ਤੇ ਬਾਬਾ ਖੇਮ ਸਿੰਘ ਜੀ ਗਦੇਲਾ ਲਗਾ ਕੇ ਬੈਠੇ ਤਾਂ ਰੌਲਾ ਪੈ ਗਿਆ। ਭਾਈ ਗੁਰਮੁਖ ਸਿੰਘ ਨੇ ਜੋਸ਼ ਵਿਚ ਆ ਕੇ ਉਹਨਾਂ ਦਾ ਗਦੇਲਾ ਉਠਾ ਦੇਣ ਦੀ ਕੋਸ਼ਿਸ਼ ਕੀਤੀ

ਭਾਈ ਗੁਰਮੁਖ ਸਿੰਘ ਨੇ ਸਰਦਾਰ ਜਵਾਹਰ ਸਿੰਘ, ਗਿਆਨੀ ਦਿੱਤ ਸਿੰਘ ਆਦਿ ਪੰਥ-ਹਿਤਾਇਸ਼ੀਆਂ ਦੀ ਰਾਏ ਨਾਲ ਲਾਹੌਰ ਪੁਜਕੇ ਨਵਾਂ ਖਾਲਸਾ ਦੀਵਾਨ ਕਾਇਮ ਕਰ ਲਿਆ ਤੇ ਖਾਲਸਾ ਦੀਵਾਨ, ਅੰਮ੍ਰਿਤਸਰ ਨਾਲੋਂ ਟੁਟ ਕੇ ਇਸ ਦੀਵਾਨ ਨਾਲ ਬਹੁਤ ਸਾਰੀਆਂ ਸਿਘ ਸਭਾਵਾਂ ਸਬੰਧਤ ਹੋ ਗਈਆਂ।

ਲਾਹੌਰ ਵਿਚ ਖਾਲਸਾ ਦੀਵਾਨ ਕਾਇਮ ਕਰਨ ਸਾਰ ਹੀ ਭਾਈ ਗੁਰਮੁਖ ਸਿੰਘ ਨੇ ਖਾਲਸਾ ਪ੍ਰੈਸ ਤੋਂ ਅਖਬਾਰ ਚਾਲੂ ਕੀਤਾ ਜਿਸ ਦੇ ਪਹਿਲੇ ਐਡੀਟਰ ਭਾਈ ਝੰਡਾ ਸਿੰਘ ਤੇ ਪਿਛੋਂ ਗਿਆਨੀ ਦਿੱਤ ਸਿੰਘ ਜੀ ਹੋਏ। ਇਸ ਸਮੇਂ ਹੀ ਭਾਈ ਗਰਮੁਖ ਸਿੰਘ ਦੀ ਐਡੀਟਰੀ ਥੱਲੇ 'ਖਾਲਸਾ ਗਜ਼ਟ' ਅਤੇ ਰਸਾਲਾ "ਸੁਧਾਰਕ" ਗੁਰਬਾਣੀ ਦੀਆਂ ਮੁਸਕਲਾਂ ਹਲ ਕਰਨ ਵਾਸਤੇ ਸੀ। ਭਾਈ ਸਾਹਿਬ ਦੀ ਸੁਧਾਰਕ ਰੀਝ ਇਨ੍ਹਾਂ ਦੋਹਾਂ ਵਿਚ ਇਕੋ ਜਿਹਾ ਕੰਮ ਕਰ ਰਹੀ ਸੀ। ਅੰਮ੍ਰਿਤਸਰੀ ਪਾਰਟੀ ਉਹਨਾਂ ਦੇ ਇਸ ਸੁਧਾਰ ਤੋਂ ਨੱਕ ਵਟਦੀ ਸੀ। ਉਸ ਦੇ ਮੈਂਬਰ ਐਲਾਨੀਆ ਦੇਵੀ-ਪੂਜਾ ਆਦਿ ਰੀਤਾਂ ਕਰਦੇ ਸਨ।

ਇਸ ਅਰਸੇ ਦੇ ਨੇੜੇ ਤੇੜੇ ਦਰਬਾਰ ਫਰੀਦਕੋਟ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ ਦਾ ਟੀਕਾ ਲਿਖੇ ਜਾਣ ਦਾ ਵਿਚਾਰ ਹੋਇਆ ਅਤੇ ਬਹੁਤ ਸਾਰੇ ਵਿਦਵਾਨ ਅਤੇ ਸੰਪ੍ਰਦਾਈ ਗਿਆਨੀ ਇਕੱਠੇ ਕੀਤੇ ਗਏ। ਇਸ ਇਕੱਠ ਵਿਚ ਭਾਈ ਗੁਰਮੁਖ ਸਿੰਘ ਜੀ ਵੀ ਗਏ। ਵਿਦਵਾਨਾਂ ਤੇ ਗਿਆਨੀਆਂ ਦੇ ਸਨਾਤਨੀ ਢੰਗ ਦੇ ਅਰਥ ਸੁਣਕੇ ਭਾਈ ਗੁਰਮੁਖ ਸਿੰਘ ਨੇ ਰਾਜਾ ਬਿਕ੍ਰਮ ਸਿੰਘ ਜੀ ਨੂੰ ਵੀ ਸਾਫ ਕਹਿ ਦਿਤਾ : "ਗਿਆਨੀ ਬਦਨ ਸਿੰਘ ਜੀ ਆਦਿ ਟੀਕਾਕਾਰ ਇਤਨੀ ਸਮਝ ਨਹੀਂ ਰਖਦੇ ਜੋ ਉਹ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਹੀ ਸਹੀ ਅਰਥ ਕਰ ਸਕਣ, ਕਿਉਂਕਿ ਉਹਨਾਂ ਵਿਚ ਵਿਦਯਾ, ਬੁਧੀ ਤੇ ਗੁਰਮਤ ਫਿਲਾਸਫੀ ਦੇ ਡਾਢੇ ਘਾਟੇ ਹਨ, ਜਿਸ ਕਰਕੇ ਟੀਕਾ ਕਰਨ ਦੇ ਕਦਾਚਿੱਤ ਯੋਗ ਨਹੀਂ ਹਨ।" ਇਹ ਖਰੀ ਖਰੀ ਨੁਕਤਾਚੀਨੀ ਸੁਣਕੇ ਗਿਆਨੀ ਬਦਨ ਸਿੰਘ ਦੇ ਤਾਂ ਤਨ ਮਨ ਨੂੰ ਅੱਗ ਲਗ ਗਈ ਤੇ ਉਸ ਨੇ ਬੇਦੀ ਸਾਹਿਬ ਪਾਸ ਜਾ ਸ਼ਿਕਾਇਤ ਕੀਤੀ। ਰਾਜਾ ਸਾਹਿਬ ਚੂੰਕਿ ਬੇਦੀ ਜੀ ਦੇ ਨਾਲ ਖਾਸ ਅਕੀਦਤ ਰਖਦੇ ਸਨ, ਇਸ ਲਈ ਉਹ ਭਾਈ ਗੁਰਮੁਖ ਸਿੰਘ ਜੀ ਨੂੰ ਇਸ ਸ਼ੁਭ ਕਾਰਜ ਵਿਚ ਰੋਕ ਪਾਉਣ ਵਾਲਾ ਸਮਝਕੇ ਇਹਨਾਂ ਤੇ ਨਾਰਾਜ਼ ਹੋ ਗਏ।



Digitized by Panjab Digital Library | www.panjabdigilib.org

ਰਾਜਾ ਸਾਹਿਬ ਦੀ ਇਹ ਤਾਜ਼ੀ ਨਰਾਜ਼ਗੀ ਸੀ। ਇਸ ਤੋਂ ਇਲਾਵਾ ਭਾਈ ਗੁਰਮੁਖ ਸਿੰਘ ਦੇ ਵਿਰੁਧ ਕਮਾਨਾਂ ਕਸਣ ਵਾਸਤੇ ਕੁਝ ਹੋਰ ਕਾਰਨ ਵੀ ਬਣ ਗਏ। ਬਨਾਉਟੀ ਗੁਰਿਆਈ ਤੋਂ ਉਲਟ ਕਰਕੇ ਭਾਈ ਗੁਰਮੁਖ ਸਿੰਘ ਦੇ ਨਾਲ ਅੰਮ੍ਰਿਤਸਰੀ ਪਾਰਟੀ ਨੂੰ ਕੁਝ ਅਦਾਵਤ ਜਿਹੀ ਹੋ ਗਈ ਤੇ ਇਸ ਦਾ ਸਾੜ ਕਢਣ ਲਈ ਮੌਕੇ ਦੀਆਂ ਉਡੀਕਾਂ ਹੋਣ ਲਗੀਆਂ। ਇਸ ਸਮੇਂ ਕੰਵਰ ਬਿਕ੍ਰਮ ਸਿੰਘ ਜੀ ਕਪੂਰਥਲਾ, ਜਿਨ੍ਹਾਂ ਨੇ ਭਾਈ ਗੁਰਮੁਖ ਸਿੰਘ ਨੂੰ ਪਾਲਿਆ ਪਲੋਸਿਆ ਤੇ ਪੜ੍ਹਾਇਆ ਸੀ, ਜ਼ਿੰਦਾ ਸਨ। ਗਵਰਨਮੈਂਟ ਵਿਚ ਭੇ ਸਿਖਾਂ ਵਿਚ ਉਹਨਾਂ ਦਾ ਚੰਗਾ ਰਸੂਖ ਸੀ। ਉਹਨਾਂ ਦੀ ਜ਼ਿੰਦਗੀ ਵਿਚ ਭਾਈ ਸਾਹਿਬ ਵਲ ਕੋਈ ਟੇਡੀ ਨਿਗਾ ਨਾਲ ਨਹੀਂ ਸੀ ਵੇਖ ਸਕਦਾ, ਪਰ ਕਾਲ ਦੀ ਗਤੀ ਪ੍ਰਬਲ ਹੈ। ਸੰਨ ੧੮੮੭ ਵਿਚ ਅਚਾਨਕ ਕੰਵਰ ਸਾਹਿਬ ਦਾ ਦਿਹਾਂਤ ਹੋ ਗਿਆ ਤੇ ਪਿਛੋਂ ਇਕ ਮਹੀਨੇ ਦੇ ਅੰਦਰ ਅੰਦਰ ਹੀ ਭਾਈ ਗੁਰਮੁਖ ਸਿੰਘ ਦੇ ਉਤੇ ਮੁਸੀਬਤਾਂ ਦੇ ਪਹਾੜ ਟੁਟ ਪਏ। ਮੈਂਬਰਾਂ ਦੀ ਫੁਟ ਦੇ ਕਾਰਨ ਖਾਲਸਾ ਦੀਵਾਨ ਦਾ ਕੰਮ ਢਿਲਾ ਪੈ ਗਿਆ ਤੇ ਸੁਧਾਰ ਦਾ ਸਾਰਾ ਕੰਮ ਉਲਟ ਪੁਲਟ ਹੋਣ ਲਗ ਪਿਆ।

ਇਹ ਮੌਕਾ ਅੰਮ੍ਰਿਤਸਰੀ ਪਾਰਟੀ ਨੇ ਗ਼ਨੀਮਤ ਸਮਝਿਆ ਤੇ ਭਾਈ ਗੁਰਮੁਖ ਸਿੰਘ ਦੇ ਵਿਰੁਧ ਇਕ ਟਰੈਕਟ ਛਾਪਕੇ ਵੰਡਿਆ ਗਿਆ, ਜਿਸ ਵਿਚ ਇਹਨਾਂ ਦੇ ਉਤੇ ਹੇਠ ਲਿਖੇ ਦੂਸ਼ਣ ਲਾਏ ਗਏ :—

੧. ਭਾਈ ਸਾਹਿਬ ਗੁਰ-ਅੰਸ (ਸਾਹਿਬਜ਼ਾਦਿਆਂ) ਦਾ ਸਮਮਾਨ ਨਹੀਂ ਕਰਦੇ।

੨. ਜਨਮ ਸਾਖੀ (ਭਾਈ ਬਾਲਾ) ਵਿਚ ਸੁਮੇਰ ਪਰਬਤ ਨੂੰ ਝੂਠੀ ਕਲਪਨਾ ਮੰਨਦੇ ਹਨ।

੩. ਬਚਿੱਤ੍ਰ ਨਾਟਕ ਨੂੰ ਗੁਰਬਾਣੀ ਨਹੀਂ ਮੰਨਦੇ।

੪. ੨੬, ੨੭ ਫਰਵਰੀ ੧੮੮੭ ਨੂੰ ਸਿੰਘ ਸਭਾ ਲਾਹੌਰ ਦੇ ਸਾਲਾਨਾ ਜਲਸੇ ਵਿਚ ੨੪ ਅਵਤਾਰਾਂ ਦੀਆਂ ਤਸਵੀਰਾਂ ਲਗਾਕੇ ਉਹਨਾਂ ਦਾ ਖੰਡਨ ਕਿਉਂ ਕੀਤਾ ਗਿਆ ?

੫. ਇਕ ਹਿੰਦੂਓਂ ਮੁਸਲਮਾਨ ਹੋਏ ਸਜਨ ਨੂੰ ਦੀਵਾਨ ਲਾਹੌਰ ਵਲੋਂ ਸਿੰਘ ਕਿਉਂ ਸਜਾਇਆ ਗਿਆ ?

੬. ਭਾਈ ਸਾਹਿਬ ਨੇ 'ਖਾਲਸਾ ਅਖਬਾਰ' ਦੇ ਇਕ ਪਰਚੇ ਵਿਚ ਲਿਖਿਆ ਹੈ ਕਿ ਗੁਰਦੁਆਰਿਆਂ ਉਤੇ ਸ਼ਸਤ੍ਰ-ਪੂਜਾ ਦਾ ਰਿਵਾਜ ਹਿੰਦੂਆਂ ਦੀ ਦੇਖਾ ਦੇਖੀ ਸ਼ੁਰੂ ਹੋਇਆ ਹੈ, ਜੋ ਗੁਰਮਤ ਤੋਂ ਉਲਟ ਹੈ।

ਸਭ ਤੋਂ ਪਹਿਲਾਂ ਇਹਨਾਂ ਦੂਸ਼ਣਾਂ ਪਰ ਵਿਚਾਰ ਕਰਨ ਦੀ ਪ੍ਰੇਰਣਾ ਸ੍ਰੀ ਗੁਰੂ ਸਿੰਘ ਸਭਾ ਫਰੀਦਕੋਟ ਨੂੰ ਹੋਈ। ਇਸ ਮੌਕੇ ਤੇ ਗਿਆਨੀ ਬਦਨ ਸਿੰਘ (ਫਰੀਦਕੋਟ), ਬਾਬਾ ਖੇਮ ਸਿੰਘ ਜੀ ਬੇਦੀ, ਬਾਵਾ ਨਿਹਾਲ ਸਿੰਘ ਜੀ (ਲੇਖਕ-ਖੁਰਸ਼ੈਦ ਖਾਲਸਾ) ਤੇ ਉਹਨਾਂ ਦੇ ਭਰਾ ਬਾਵਾ ਸਰਮੁਖ ਸਿੰਘ ਨੇ ਬੜੀ ਸਰਗਰਮੀ ਨਾਲ ਹਿੱਸਾ ਲਿਆ। ਲਾਹੌਰ ਅਤੇ ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਨੂੰ ਸਦੇ ਦਿਤੇ



Digitized by Panjab Digital Library | www.panjabdigilib.org

ਗਏ। ਲਾਹੌਰੋਂ ਤਾਂ ਕੋਈ ਨਾ ਗਿਆ ਤੇ ਖਾਲਸਾ ਦੀਵਾਨ, ਅੰਮ੍ਰਿਤਸਰ ਦੇ ਸਭ ਮੁਖੀਏ ਆਪਣੇ ਆਪ ਫਰੀਦਕੋਟ ਪਹੁੰਚ ਗਏ। ਜਦ ਕਾਫੀ ਇਕੱਠ ਹੋ ਗਿਆ ਤਾਂ ਫੈਸਲਾ ਕੀਤਾ ਗਿਆ ਕਿ ਭਾਈ ਗੁਰਮੁਖ ਸਿੰਘ ਜਿਤਨਾ ਚਿਰ ਆਪਣੇ ਗੁਨਾਹ ਨਾ ਬਖਸ਼ਾਵੇ, ਉਤਨਾ ਚਿਰ ਉਸ ਨੂੰ ਅਲਗ ਰਖਿਆ ਜਾਵੇ। ਇਸ ਫੈਸਲੇ ਦੇ ਉਤੇ ਰਾਜਾ ਸਾਹਿਬ ਤੋਂ ਲੈਕੇ ਵਡੇ ਛੋਟੇ ਸੰਤਾਂ ਮਹੰਤਾਂ ਤਕ ਸਾਰਿਆਂ ਨੇ ਦਸਤਖਤ ਕਰ ਦਿਤੇ ਤੇ ਪਿਛੋਂ ਇਹ ਕਾਰਵਾਈ ਅੰਮ੍ਰਿਤਸਰ, ਵਡੀ ਸਭਾ ਦੇ ਵਿਚ ਪਾਸ ਹੋਣ ਵਾਸਤੇ ਭੇਜੀ ਗਈ।

ਵੱਡੀ ਸਭਾ ਵਿਚ ਵੀ ਸਾਰੇ ਇਕੋ ਪਾਰਟੀ ਦੇ ਆਦਮੀ ਸਨ, ਇਸ ਲਈ ਬਹੁ-ਸੰਮਤੀ ਨਾਲ ਇਸ ਫੈਸਲੇ ਦੀ ਪ੍ਰੋੜ੍ਹਤਾ ਕੀਤੀ ਗਈ।

ਪਿਛੋਂ ਇਹ ਸਾਰੀ ਕਾਰਵਾਈ ਅਕਾਲ ਤਖਤ ਸਾਹਿਬ ਪੇਸ਼ ਹੋਈ ਤੇ ਭਾਈ ਗੁਰਮੁਖ ਸਿੰਘ ਜੀ ਦੇ ਬਰਖਿਲਾਫ ਹੇਠ ਲਿਖਿਆ ਹੁਕਮਨਾਮਾ ਜਾਰੀ ਕਰਵਾਇਆ ਗਿਆ :—

ੴ ਸਤਿਗੁਰ ਪ੍ਰਸਾਦਿ ॥

| | |
|---|---|
| ਸ੍ਰੀ ਅਕਾਲ ਸਹਾਇ | ਅਕਾਲ ਸਹਾਇ |
| ਤਖ਼ਤ ਸ੍ਰੀ ਅਕਾਲ ਬੁੰਗਾ ਸਾਹਿਬ ਜੀ | ਸ੍ਰੀ ਦਰਬਾਰ ਸਾਹਿਬ |

ਹਮ ਜੁਮਲੇ ਸਿੰਘਾਨ ਪੁਜਾਰੀਆਨ ਤਖ਼ਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਵ ਸ੍ਰੀ ਦਰਬਾਰ ਸਾਹਿਬ ਵ ਬਾਬਾ ਅਟੱਲ ਰਾਇ ਸਾਹਿਬ ਜੀ ਵ ਝੰਡਾ ਬੁੰਗਾ ਸਾਹਿਬ ਵ ਸ਼ਹੀਦ ਬੁੰਗਾ ਸਾਹਿਬ ਜੀ ਨੇ ਮੁਲਾਹਜ਼ੇ ਕਾਰਵਾਈ ਗੁਰਮਖ ਸਿੰਘ ਸਕੱਤ੍ਰ ਕਾ ਕੀਆ ਮਾਲੂਮ ਹੋਇਆ ਕਿ ਇਸ ਸ਼ਖਸ਼ ਨੇ ਚੰਦ ਜਗ੍ਹਾ ਬਰਖਿਲਾਫ ਗੁਰਇਸ਼ਟ ਦੇ ਤੌਹੀਨ ਸ੍ਰੀ ਗੁਰੂ ਗਰੰਥ ਸਾਹਿਬ ਵਾ ਗੁਰ-ਅੰਸ਼ ਵ ਗੁਰਬਾਣੀ ਤਹਰੀਰ ਵ ਤਕਰੀਰ ਕੀਆ ਹੈ, ਜਿਸ ਸੇ ਸਾਬਤ ਹੋਤਾ ਹੈ ਕਿ ਉਸ ਦਾ ਇਤਕਾਦ ਸਿੱਖੀ ਧਰਮ ਸੇ ਬਿਲਕੁਲ ਬਰਖਿਲਾਫ ਹੈ ਇਸ ਵਾਸਤੇ ਹਮ ਤਮਾਮ ਪੁਜਾਰੀਆਨ ਵਾ ਗ੍ਰੰਥੀਆਨ ਵ ਨੰਬਰਦਾਰਾਨ ਗੁਰਦੁਵਾਰਾ ਹਾਇ ਮਮਦੂਹਿ ਤਹਿਰੀਰ ਕਰਦੇ ਹੈਂ ਕਿ ਗੁਰਮੁਖ ਸਿੰਘ ਮਜ਼ਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ। ਗੁਰਦਵਾਰੇ ਹਾਇ ਮੌਸੂਫ ਮੇ ਉਸ ਕੀ ਅਰਦਾਸ ਨ ਹੋਗੀ ਵ ਵਰਤਾਉ ਨਾ ਹੋਗਾ ਤਮਾਮ ਸਿੰਘਾਨ ਕੋ ਵਾਜ਼ਿਆ ਰਹੇ ਕਿ ਕੋਈ ਸ਼ਖਸ਼ ਉਸ ਕਾ ਪੈਰੋਕਾਰ ਨਾ ਹੋ ਜੋ ਸ਼ਖਸ ਉਸ ਕੀ ਪੈਰਵਾਈ ਕਰੇਗਾ ਵੁਹ ਭੀ ਬੇਮੁਖ ਔਰ ਲਾਇਕ ਤਨਖਾਹ ਪੰਥ ਕੇ ਸਮਝਾ ਜਾਵੇਗਾ। ਔਰ ਵੈਸਾ ਹੀ ਸਲੂਕ ਉਸ ਕੇ ਸਾਥ ਕੀਆ ਜਾਵੇਗਾ। ਬਕਤਾ ਬਤਾਰੀਖ ਸਤਵੀਂ ਮਾਹ ਚੇਤ ਸੰਮਤ ੬੧੮ ਗੁਰ ਨਾਨਕ ਸ਼ਾਹੀ ਮੁਤਾਬਕ ੧੮ ਮਾਰਚ ਸੰਨ ੧੮੮੭ ਈਸਵੀ।

ਦਸਤਖਤ ਹਾਜ਼ਰੀਨ ਸਿੰਘਾਨ ਉਹਦੇਦਾਰਾਨ ਗਰੰਥੀਆਨ ਵ ਪੁਜਾਰੀਆਨ।

ਇਸ ਤੋਂ ਬਿਨਾਂ ਤਖਤ ਕੇਸਗੜ੍ਹ (ਅਨੰਦਪੁਰ ਸਾਹਿਬ) ਤਖ਼ਤ ਪਟਨਾ ਸਾਹਿਬ (ਬਿਹਾਰ) ਤਖਤ ਦਮਦਮਾ ਸਾਹਿਬ (ਤਲਵੰਡੀ ਸਾਬੋ) ਅਰ ਤਖਤ ਹਜ਼ੂਰ



Digitized by Panjab Digital Library | www.panjabdigilib.org

ਅਬਚਲ ਨਗਰ ਸਾਹਿਬ (ਨਦੇੜ-ਦੱਖਣ) ਤੋਂ ਭੀ ਇਸੇ ਭਾਵ ਦੇ ਹੁਕਮਨਾਮਾ ਸੰਗਤਾਂ ਦੇ ਨਾਮ ਜਾਰੀ ਕਰਵਾਏ ਗਏ ।

ਅਕਾਲ ਤਖਤੋਂ ਹੁਕਮ ਨਾਮਾ ਨਿਕਲਨਸਾਰ ਹੀ ਭਾਈ ਗੁਰਮੁਖ ਸਿੰਘ ਜੀ ਆਪਣੇ ਵਿਰ ਮੁਕਾਬਲੇ ਦੀ ਤਾਕਤ ਨਾ ਦੇਖਕੇ ਲਾਹੌਰ ਛਡ ਕੇ ਜਲੰਧਰ ਚਲੇ ਗਏ ਤੇ ਅੰਮ੍ਰਿਤਸਰੀ ਪਾਰਟੀ ਨੇ ਸਮਝ ਲਿਆ ਕਿ ਹੁਣ ਮੈਦਾਨ ਮਾਰ ਲਿਆ ਹੈ ਤੇ ਹੁਣ ਲਾਹੌਰੀ ਪਾਰਟੀ ਉਠ ਨਹੀਂ ਸਕੇਗੀ, ਪਰ ਇਹ ਉਹਨਾਂ ਦੀ ਭੁਲ ਸੀ । ਅਸਲ ਵਿਚ ਉਹਨਾਂ ਨੂੰ ਪਤਾ ਨਹੀਂ ਸੀ ਕਿ ਸਿੱਖ ਜਨਤਾ ਬਾਬਾ ਖੇਮ ਸਿੰਘ ਜੀ ਬੇਦੀ ਆਦਿ ਦੀ ਗੁਰਿਆਈ ਤੋਂ ਉਲਟ ਹੈ ਤੇ ਭਾਈ ਸਾਹਿਬ ਗੁਰਮੁਖ ਸਿਘ ਜੀ ਨੇ ਜੋ ਸੁਧਾਰ ਦਾ ਬੀਜ ਬੀਜਿਆ ਸੀ, ਉਸ ਨੇ ਸਿੱਖਾਂ ਦੀ ਅੰਦਰੋਂ ਅੰਦਰ ਕਾਇਆਂ ਪਲਟ ਦਿਤੀ ਹੈ ਤੇ ਸਿਖਾਂ ਨੂੰ ਅੰਧ ਵਿਸ਼ਵਾਸ਼ ਵਿਚੋਂ ਕਢਕੇ ਪੰਥ ਦੇ ਭਵਿਸ਼ ਦੀ ਰੂਪ ਰੇਖਾ ਉਲੀਕਣ ਦੇ ਯੋਗ ਬਣਾ ਦਿਤਾ ਹੈ ।

ਕੁਝ ਸਮੇਂ ਉਪਰੰਤ ਭਾਈ ਗੁਰਮੁਖ ਸਿੰਘ ਜੀ, ਜੋ ਜਲੰਧਰ ਚਲੇ ਗਏ ਸਨ, ਵਾਪਿਸ ਮੁੜ ਆਏ ਤੇ ਉਹਨਾਂ ਨੇ ਖਾਲਸਾ ਦੀਵਾਨ ਲਾਹੌਰ ਦਾ ਸਾਰਾ ਕੰਮ ਆਪਣੇ ਹੱਥ ਵਿਚ ਲੈ ਲਿਆ ਤੇ ਆਦਿ ਤੋਂ ਅੰਤ ਤਕ ਸੰਖੇਪ ਆਪ ਬੀਤੀ ਰਾਜਾ ਸਾਹਿਬ ਕਪੂਰਥਲਾ ਨੂੰ ਇਸ ਤਰ੍ਹਾਂ ਲਿਖਕੇ ਭੇਜੀ :—

Soon after his (Kanwar Bikkeram Singh's) death the opposition assumed a formidable aspect d and fell upon me with all its horrors. My enemies made great efforts to excommunicate me from the Sikh religion and took steps to prosecute me with all sorts of severity.

I was noted as a victim for their wrath and a price was set on my head. I fled from Lahore and took shelter at Jullundur But truth at last prevailed and I came out safe and successful after crushing defeat to my enemies.

ਗਿਆਨੀ ਦਿਤ ਸਿੰਘ ਜੀ ਜੋ ਇਸ ਸਮੇਂ ਖਾਲਸਾ ਅਖਬਾਰ ਦੇ ਐਡੀਟਰ ਸਨ, ਅੱਗੇ ਵਧੇ ਤੇ ਉਹਨਾਂ ਦੇ ਫਰੀਦਕੋਟ ਦੇ ਇਕੱਠ ਤੋਂ ਲੈਕੇ ਅੰਮ੍ਰਿਤਸਰ ਦੇ ਫੈਸਲੇ ਤਕ ਭਾਈ ਗੁਰਮੁਖ ਸਿੰਘ ਦੇ ਅਕਾਲ ਤਖਤੋਂ ਛੇਕੇ ਜਾਣ ਦਾ ਸਾਰਾ ਕਿੱਸਾ ਸੁਪਨ ਨਾਟਕ ਦੇ ਰੂਪ ਵਿਚ ਬੜੇ ਸੁਹਣੇ ਹਾਸਰਸੀ ਢੰਗ ਨਾਲ ਲਿਖਕੇ ਪ੍ਰਕਾਸ਼ਤ ਕੀਤਾ । ਇਸ ਨਾਟਕ ਵਿਚ ਬਾਬਾ ਖੇਮ ਸਿਘ ਜੀ ਨੂੰ ਢੰਭੀ, ਭਾਈ ਝੰਡਾ ਸਿਘ ਗਿਆਨੀ ਨੂੰ ਮਿੱਤ੍ਰ ਘਾਤੀ, ਗਿਆਨੀ ਸੰਤ ਸਿੰਘ ਕਪੂਰਥਲਾ ਨੂੰ ਸਰਲ ਸੁਭਾਵ, ਬਾਬਾ ਸੁਮੇਰ ਸਿੰਘ ਜੀ ਮਹੰਤ ਪਟਨਾ ਸਾਹਿਬ ਨੂੰ ਲੋਭਿੰਦ੍ਰੀ, ਬਾਵਾ ਉਦੇ ਸਿੰਘ ਜੀ ਬੇਦੀ ਨੂੰ ਕੁਬੁਧ, ਖਾਲਸਾ ਦੀਵਾਨ ਲਾਹੌਰ ਨੂੰ "ਗੁਰਮੁਖ ਜਨ ਕੀ ਸੈਨਾ" ਅਤੇ ਆਮ ਸਿਖ ਜਨਤਾ ਨੂੰ "ਤੀਰਥ ਵਾਸੀ ਜਨ" ਕਹਿਕੇ ਪੁਕਾਰਿਆ ।

ਭਾਈ ਗੁਰਮੁਖ ਸਿੰਘ ਜੀ ਪਹਿਲੇ ਵਾਂਗੂੰ ਹੀ ਸੇਵਾ ਵਿਚ ਡਟ ਗਏ ਤੇ ਉਹਨਾਂ ਨੇ ਖਾਲਸਾ ਕਾਲਜ ਬਣਾਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਣਾ ਸ਼ੁਰੂ ਕਰ



Digitized by Panjab Digital Library | www.panjabdigilib.org

ਦਿਤਾ। ਪਹਿਲਾਂ ਤਾਂ ਇਸ ਜਤਨ ਦੇ ਛੇਤੀ ਛੇਤੀ ਸਿਰੇ ਚੜ੍ਹਨ ਦੀ ਆਸ ਨਹੀਂ ਸੀ ਪਰ ਜਦ ਗਵਰਨਮੈਂਟ ਵਲੋਂ ਸਹਾਇਤਾ ਦਾ ਭਰੋਸਾ ਮਿਲਣ ਤੇ ਸੰਨ ੧੮੯੦ ਵਿਚ ਬਕਾਇਦਾ ਖਾਲਸਾ ਕਾਲਜ ਅਸਥਾਪਨ ਕਮੇਟੀ ਬਣ ਗਈ ਤੇ ਸਹਾਇਤਾ ਲਈ ਜ਼ਿਲੇਵਾਰ ਫ਼ਰਦਾਂ ਤਿਆਰ ਹੋਣ ਲੱਗੀਆਂ ਤਾਂ ਸਭ ਦੀਆਂ ਅੱਖਾਂ ਅਗੋਂ ਇਕ ਪੜਦਾ ਜਿਹਾ ਹਟ ਗਿਆ। ਅੰਮ੍ਰਿਤਸਰੀ ਪਾਰਟੀ ਅੰਦਰਖਾਨਿਓਂ ਨਹੀਂ ਚਾਹੁੰਦੀ ਸੀ ਕਿ ਭਾਈ ਗੁਰਮੁਖ ਸਿੰਘ ਜੀ ਖਾਲਸਾ ਕਾਲਜ ਬਣਾਉਣ ਵਿਚ ਕਾਮਯਾਬ ਹੋਣ, ਪਰ ਇਸ ਉੱਦਮ ਵਿਚ ਸਰਕਾਰ ਅੰਗਰੇਜ਼ੀ ਦੀ ਹਮਦਰਦੀ ਖਾਲਸਾ ਦੀਵਾਨ ਲਾਹੌਰ ਦੇ ਨਾਲ ਹੋ ਚੁਕੀ ਸੀ, ਜਿਸ ਕਰਕੇ ਵਿਰੁਧ ਰਾਇ ਰੱਖਣ ਵਾਲੇ ਸੱਜਣ ਕੁਝ ਵੀ ਨਾ ਕਰ ਸਕੇ। ਭਾਈ ਗੁਰਮੁਖ ਸਿੰਘ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਜਦ ਕਈ ਲਖ ਰੁਪਏ ਚੰਦਾ ਜਮ੍ਹਾਂ ਹੋ ਗਿਆ ਤਾਂ ਵਿਚਾਰ ਪੈਦਾ ਹੋਈ ਕਿ ਖਾਲਸਾ ਕਾਲਜ ਕਿਥੇ ਬਣੇ? ਲਾਹੌਰੀ ਪਾਰਟੀ ਖਾਲਸਾ ਕਾਲਜ ਲਾਹੌਰ ਬਣਾਨਾ ਚਾਹੁੰਦੀ ਸੀ ਤੇ ਅੰਮ੍ਰਿਤਸਰੀ ਪਾਰਟੀ ਅੰਮ੍ਰਿਤਸਰ ਦੇ ਹੱਕ ਵਿਚ ਸੀ। ਛੇਕੜ ਅੰਮ੍ਰਿਤਸਰੀ ਧੜੇ ਵਲੋਂ ਬਹੁਤਾ ਜ਼ੋਰ ਦੇਣ ਤੇ ਫੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੀ ਹੋਇਆ ਤੇ ੫ ਮਾਰਚ ਸੰਨ ੧੮੯੨ ਈ: ਨੂੰ ਨੂੰ ਬੜੀ ਧੂਮ-ਧਾਮ ਨਾਲ ਸਰ ਜੇਮਜ਼ ਲਾਇਲ (ਲਾਟ ਸਾਹਿਬ ਪੰਜਾਬ) ਦੇ ਹੱਥੀਂ ਅੰਮ੍ਰਿਤਸਰ ਖਾਲਸਾ ਕਾਲਜ ਦੀ ਨੀਂਹ ਰੱਖੀ ਗਈ।

ਅੰਮ੍ਰਿਤਸਰੀ ਧੜਾ ਇਸ ਸਮੇਂ ਖਦ ਬਦਨਾਮ ਹੋ ਚੁਕਾ ਸੀ ਇਸ ਲਈ ਉਸ ਦੀ ਕੋਈ ਜਨਤਕ ਆਵਾਜ਼ ਨਹੀਂ ਸੀ ਰਹੀ। ਇਸ ਲਈ ਉਸ ਦੇ ਸਾਥੀ ਪਰਗਟ ਤੌਰ ਤੇ ਤਾਂ ਭਾਈ ਗੁਰਮੁਖ ਸਿੰਘ ਦੇ ਜਤਨਾਂ ਵਿਚ ਕੋਈ ਅੜਿਕਾ ਨਾ ਡਾਹ ਸਕੇ, ਪਰ ਗੁਪਤ ਤੌਰ ਤੇ ਉਹਨਾ ਨੇ ਸਤਲੁਜ ਉਰਾਰ ਪਾਰ ਦੇ ਇਲਾਕਿਆਂ ਵਿਚ ਫਿਰ ਫਿਰਕੇ, ਜਿਥੇ ਕਿ ਉਹਨਾਂ ਦਾ ਰਸੂਖ ਕੁਝ ਕੰਮ ਕਰ ਰਿਹਾ ਸੀ, ਲੋਕਾਂ ਨੂੰ ਭਾਈ ਸਾਹਿਬ ਤੋਂ ਵਿਰੁਧ ਭੜਕਾਉਣਾ ਸ਼ੁਰੂ ਕੀਤਾ। ਇਸ ਕੰਮ ਦੇ ਮੋਢੀ ਬਾਵਾ ਨਿਹਾਲ ਸਿਘ ਜੀ ਲੇਖਕ 'ਖੁਰਸ਼ਦ ਖਾਲਸਾ' ਉਸ ਦੇ ਭਰਾ ਬਾਵਾ ਸਰਮੁਖ ਸਿੰਘ ਜੀ ਹਰਿ ਗੋਬਿੰਦ ਪੁਰੀਏ, ਅਤੇ ਬਾਬਾ ਉਦੇ ਸਿੰਘ ਜੀ ਬੇਦੀ ਕਪੂਰਥਲਾ ਸਨ। ਕੁਝ ਹੋਰ ਅਨਜਾਣ ਤੇ ਅਨਪੜ੍ਹ ਮਹੰਤ, ਬਿਹੰਗਮ ਅਤੇ ਗੁਰਦੁਆਰਿਆਂ ਦੇ ਪੁਜਾਰੀ ਇਹਨਾਂ ਦੇ ਅਸਰ ਹੇਠ ਆ ਗਏ ਤੇ ਭਾਈ ਗੁਰਮੁਖ ਸਿੰਘ ਦੇ ਵਿਰੁਧ ਇਸ ਤਰ੍ਹਾਂ ਡੇਢ ਕੁ ਸੌ ਲੋਕਾਂ ਦੇ ਦਸਖਤਾਂ ਹੇਠ ਦੋ ਮਹਜਰ ਨਾਮੇ ਖਾਲਸਾ ਕਾਲਜ ਕੌਂਸਲ ਦੇ ਸਕੱਤਰ ਪਾਸ ਭੇਜੇ ਗਏ ਜਿਨ੍ਹਾਂ ਵਿਚ ਇਹ ਦਸਿਆ ਗਿਆ ਕਿ ਭਾਈ ਗੁਰਮੁਖ ਸਿੰਘ ਜੀ ਅਕਾਲ ਤਖਤੋਂ ਛੇਕੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਤੇ ਇਨ੍ਹਾਂ ਦੇ ਹਿਮਾਇਤੀ ਭਾਈ ਦਿਤ ਸਿੰਘ ਜੀ ਗਿਆਨੀ ਨੂੰ ਖਾਲਸਾ ਕਾਲਜ ਦੇ ਕੰਮਾਂ ਤੋਂ ਅਲੱਗ ਰਖਿਆ ਜਾਵ। ਭਾਈ ਗੁਰਮੁਖ ਸਿਘ ਦੇ ਵਿਰੁਧ ਇਹ ਉਹਨਾਂ ਦਾ ਛੇਕੜਲਾ ਜਤਨ ਸੀ, ਜਿਸ ਦਾ ਖਾਲਸਾ ਕਾਲਜ ਕੌਂਸਲ ਪਰ ਕੋਈ ਪ੍ਰਭਾਵ ਨਾ ਪਿਆ।

ਖਾਲਸਾ ਕਾਲਜ ਕਾਇਮ ਕਰਨ ਵਿਚ ਭਾਈ ਗੁਰਮੁਖ ਸਿੰਘ ਨੇ ਜੋ ਪਰਿਸ਼੍ਰਮ ਕੀਤਾ, ਉਸ ਤੋਂ ਇਹਨਾਂ ਦੀ ਸਰੀਰਕ ਤੇ ਮਾਲੀ ਹਾਲਤ ਅਤਿ ਦੀ ਕਮਜ਼ੋਰ ਹੋ ਗਈ। ਓਰੀਐਂਟਲ ਕਾਲਜ ਵਿਚੋਂ ਭਾਈ ਸਾਹਿਬ ਨੂੰ ੮੦) ਰੁਪਏ ਮਾਹਵਾਰ ਮਿਲਦੇ



Digitized by Panjab Digital Library | www.panjabdigilib.org

ਸਨ। ਇਹ ਦਰਮਿਆਨਾ ਜਿਹਾ ਮਾਸਕ ਵੇਤਨ ਸਵੱਲ ਹੋਣ ਕਰਕੇ ਭਾਵੇਂ ਉਸ ਸਮੇਂ ਉਹਨਾਂ ਦੇ ਗੁਜ਼ਾਰੇ ਲਈ ਕਾਫੀ ਸੀ, ਪਰ ਵੱਡਾ ਆਗੂ ਤੇ ਬਹੁਤੇ ਪ੍ਰਾਹੁਣੇ ਆਉਣ ਵਾਲੇ ਅਖਾਣ ਅਨੁਸਾਰ ਖਰਚ ਜ਼ਿਆਦਾ ਹੋਣ ਕਰਕੇ ਇਸ ਤਨਖਾਹ ਨਾਲ ਗੁਜ਼ਾਰਾ ਹੋਣਾ ਮੁਸ਼ਕਿਲ ਸੀ। ਹੋਰ ਕੋਈ ਆਮਦਨੀ ਨਹੀਂ ਸੀ ਕਿਥੋਂ ਇਹ ਖਰਚ ਨਿਕਲ ਸਕਦਾ। ਇਸ ਤੋਂ ਬਿਨਾਂ ਵਿਦਯਕ ਲਹਿਰ ਸ਼ੁਰੂ ਹੋਣ ਤੋਂ ਕੁਝ ਚਿਰ ਪਹਿਲਾ ਭਾਈ ਸਾਹਿਬ ਦੀ ਸ਼ਾਦੀ ਹੋ ਚੁਕੀ ਸੀ। ਇਸ ਲਈ ਪਰਿਵਾਰ ਦਾ ਖਰਚ ਵੀ ਜ਼ਰੂਰੀ ਸੀ।

ਕੌਮੀ ਸੇਵਾ ਵਿਚ ਮਗਨ ਹੋਣ ਦੇ ਕਾਰਨ ਭਾਈ ਗੁਰਮੁਖ ਸਿੰਘ ਜੀ ਦੀ ਆਪਣੀ ਹਾਲਤ ਇਹ ਸੀ ਕਿ ਉਹਨਾਂ ਦੇ ਪੈਰਾਂ ਦੇ ਬੂਟ ਬਹੁਤੀ ਤੁਰਤ ਫਿਰਤ ਹੋਣ ਕਰਕੇ ਹਮੇਸ਼ਾਂ ਫਿਡੇ ਹੋਏ ਰਹਿੰਦੇ ਸਨ, ਨਾ ਤਾਂ ਆਪ ਉਹਨਾਂ ਨੂੰ ਪਾਲਿਸ਼ ਕਰਵਾ ਸਕਦੇ ਸਨ ਤੇ ਨਾ ਹੀ ਮੁਰੰਮਤ ਕਰਵਾਣ ਦਾ ਵਿਹਲ ਹੀ ਆਪ ਨੂੰ ਮਿਲਦਾ ਸੀ। ਓਰੀਐਂਟਲ ਕਾਲਜ ਦੇ ਕੰਮ ਤੋਂ ਫਾਰਿਗ ਹੁੰਦਿਆਂ ਹੀ ਆਪ ਪੰਥਕ ਕੰਮਾਂ ਵਿਚ ਰੁਝ ਜਾਂਦੇ ਸਨ। ਅੱਧੀ ਅੱਧੀ ਰਾਤ ਤਕ ਸਕੀਮਾਂ ਘੜਦੇ ਤੇ ਸਹਾਇਤਾ ਵਾਸਤੇ ਸਿਖ ਰਈਸਾਂ ਤੇ ਹੋਰ ਪ੍ਰੇਮੀਆਂ ਨੂੰ ਖੱਤ ਲਿਖਦੇ ਰਹਿੰਦੇ ਸਨ। ਕਦੀ ਕੋਈ ਛੁਟੀ ਆਰਾਮ ਨਾਲ ਆਪ ਨੇ ਘਰ ਬੈਠਕੇ ਨਹੀਂ ਸੀ ਗੁਜ਼ਾਰੀ। ਹਰੇਕ ਛੁਟੀ ਤੋਂ ਇਕ ਦਿਨ ਪਹਿਲਾਂ ਸ਼ਾਮ ਨੂੰ ਲਾਹੌਰੋਂ ਰਲ ਪਰ ਸਵਾਰ ਹੁੰਦੇ ਤੇ ਰਾਤੋ ਰਾਤ, ਨਾਭੇ, ਪਟਿਆਲੇ ਜਾਂ ਹੋਰ ਕਿਸੇ ਰਈਸ ਪਾਸ ਜਾ ਹਾਜ਼ਰ ਹੁੰਦੇ ਸਨ ਅਤੇ ਦੂਜੇ ਦਿਨ ਕੰਮ ਨਿਬੇੜ ਕੇ ਵਾਪਸ ਪਰਤ ਆਉਂਦੇ ਸਨ। ਇਹ ਭਾਈ ਸਾਹਿਬ ਦਾ ਸਪਤਾਹਿਕ ਕਾਰਜ-ਕਰਮ ਸੀ। ਇਸ ਕਰੜੀ ਜਦੋਜਹਿਦ ਦੇ ਕਾਰਨ ਖਾਲਸਾ ਕਾਲਜ ਦਾ ਕੰਮ ਤਾ ਸਿਰੇ ਚੜ੍ਹ ਗਿਆ, ਪਰ ਭਾਈ ਸਾਹਿਬ ਦੀ ਹਾਲਤ ਇਕ ਉੱਘੀ ਇਨਸਟੀਟੂਸ਼ਨ ਦਾ ਸੰਚਾਲਕ ਤੇ ਸਿਖ ਪੰਥ ਦਾ ਪ੍ਰਸਿੱਧ ਆਗੂ ਹੋਣ ਦੇ ਬਾਵਜੂਦ ਗਿਰ ਗਈ।

ਨੀਤੀ ਦਾ ਕਥਨ ਹੈ ਕਿ ਸਰਮਾਇਆਦਾਰੀ ਦੇ ਮੁਕਾਬਲੇ ਤੇ ਗਰੀਬ ਆਦਮੀ ਚਾਹੇ ਕਿਤਨਾ ਵੀ ਸਿਆਣਾ ਕਿਉਂ ਨਾ ਹੋਵ ਸਮਾਜ ਵਿਚ ਉਸ ਦਾ ਅੰਤ ਨੂੰ ਨਿਰਾਦਰ ਹੀ ਹੁੰਦਾ ਹੈ, ਇਹ ਗੱਲ ਇਸ ਸਮੇਂ ਭਾਈ ਗੁਰਮੁਖ ਸਿੰਘ ਨਾਲ ਹੋਈ। ਹੱਥ ਤੰਗ ਹੋਣ ਕਰਕੇ ਭਾਈ ਸਾਹਿਬ ਨੇ ਲਾਹੌਰ ਦੇ ਇਕ ਦੋ ਸਜਣਾਂ ਪਾਸੋਂ ਕਰਜ਼ਾ ਲਿਆ, ਪਰ ਜਦ ਉਸ ਦੀ ਸਮੇਂ ਪਰ ਅਦਾਇਗੀ ਨਾ ਹੋ ਸਕੀ ਤਾਂ ਉਹ ਲੋਕ ਜੋ ਪਹਿਲੋਂ ਪਿਆਰ ਦਾ ਦਮ ਭਰਦੇ ਸਨ, ਇਕ ਦੰਮ ਅੱਖਾਂ ਫੇਰ ਗਏ ਤੇ ਕੁਝ ਬਹਾਨੇ ਤਲਾਸ਼ ਕੇ ਥਾਂ ਪਰ ਥਾਂ ਭਾਈ ਸਾਹਿਬ ਦੀ ਨਿੰਦਾ ਕਰਨ ਲਗੇ। ਆਪ ਜੀ ਅੰਮ੍ਰਿਤਸਰੀ ਧੜੇ ਦੀ ਵਿਰੋਧਤਾ ਨੂੰ ਤਾਂ ਜਿਵੇਂ ਕਿਵੇਂ ਝੱਲ ਗਏ ਸਨ, ਪਰ ਹੁਣ ਇਸ ਘਰ ਦੇ ਵਿਰੋਧ ਵਿਚੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਗਿਆ। ਇਸ ਸਮਸਿਆ ਨੂੰ ਸੁਲਝਾਉਣ ਲਈ ਇਹਨਾਂ ਨੇ ਕਈ ਜਤਨ ਵੀ ਕੀਤੇ, ਪਰ ਸਮੇਂ ਸਿਰ ਕੋਈ ਸਹਾਰਾ ਦੇਣ ਵਾਲਾ ਨਾ ਮਿਲਿਆ। ਸਵੱਬ ਨਾਲ ਇਸ ਅਰਸੇ ਵਿਚ ਹੀ ਇਹਨਾ ਦੀ ਸੁਪਤਨੀ ਬੀਮਾਰ ਹੋ ਗਈ, ਜਿਸ ਕਰਕੇ ਇਹ ਮਾਇਕੀ ਦੁਖ ਹੋਰ ਵੀ ਵਧ ਗਿਆ। ਇਹ ਹਾਲਤ ਮਾਰਚ ਸੰਨ ੧੮੯੫ ਈ: ਦੀ ਹੈ।



PL-0271

Digitized by Panjab Digital Library | www.panjabdigilib.org

ਖਾਲਸਾ ਕਾਲਜ ਬਣਨ ਸਾਰ ਭਾਈ ਗੁਰਮੁਖ ਸਿੰਘ ਦੀ ਦਿਲੀ ਮਨਸ਼ਾ ਪੂਰੀ ਹੋ ਚੁਕੀ ਸੀ ਤੇ ਪਿਛੋਂ ਇਸ ਸੰਸਥਾ ਦਾ ਪ੍ਰਬੰਧ ਕਰਨ ਤੋਂ ਬਿਨਾਂ ਹੋਰ ਕੋਈ ਸੱਧਰ ਉਹਨਾਂ ਦੇ ਦਿਲ ਵਿਚ ਬਾਕੀ ਨਹੀਂ ਸੀ ਰਹੀ। ਇਸ ਲਈ ਭਾਈ ਸਾਹਿਬ ਨੇ ਇਸ ਨਵੀਂ ਧੜੇਬੰਦੀ ਚੋਂ ਨਿਉਂ ਖਿਉਂ ਕੇ ਪੱਲਾ ਛੁਡਾਉਣਾ ਹੀ ਵਾਜਬ ਸਮਝਿਆ। ਖਾਲਸਾ ਦੀਵਾਨ ਲਾਹੌਰ ਦੇ ਪ੍ਰਧਾਨ ਇਸ ਸਮੇਂ ਸ: ਅਤਰ ਸਿੰਘ ਜੀ ਰਈਸ ਭਦੌੜ ਸਨ, ਜਿਨ੍ਹਾਂ ਦਾ ਖਾਲਸਾ ਕਾਲਜ ਦੇ ਪ੍ਰਬੰਧ ਵਿਚ ਚੰਗਾ ਰੋਅਬਦਾਬ ਸੀ। ਅਚਾਨਕ ੧੦ ਜੂਨ ੧੮੯੬ ਈ: ਨੂੰ ਸ ਅਤਰ ਸਿੰਘ ਦਾ ਅਕਾਲ ਚਲਾਣਾ ਹੋ ਜਾਣ ਕਰਕੇ ਖਾਲਸਾ ਕਾਲਜ ਤੇ ਖਾਲਸਾ ਦੀਵਾਨ ਲਾਹੌਰ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਖ਼ਾਲਸਾ ਕਾਲਜ ਡਿੱਕੇ ਡੋਲੇ ਖਾਣ ਲੱਗ ਪਿਆ। ਭਾਈ ਗੁਰਮੁਖ ਸਿੰਘ ਨੇ ਪ੍ਰਬੰਧ ਸੁਧਾਰਨ ਲਈ ਹਦੋਂ ਪਰੇ ਕੋਸ਼ਿਸ਼ ਕੀਤੀ। ਉਹ ਕਰਤਵ ਪ੍ਰਾਇਣ ਹੋਕੇ ਖ਼ਾਲਸਾ ਕਾਲਜ ਨੂੰ ਪੱਕੇ ਪੈਰਾਂ ਤੇ ਕਰਨ ਲਈ ਸਹਾਇਤਾ ਇਕੱਠੀ ਕਰਨ ਵਾਸਤੇ ਥਾਂ ਪਰ ਥਾਂ ਸਿੱਖ ਰਈਸਾਂ ਪਾਸ ਚੱਕਰ ਲਗਾਂਦੇ ਹੀ ਰਹੇ। ਸਭ ਤੋਂ ਛੇਕੜਲਾ ਸਫ਼ਰ ਉਹਨਾਂ ਨੇ ਕੰਡਾਘਾਟ (ਰਿਆਸਤ ਪਟਿਆਲਾ) ਦਾ ਕੀਤਾ ਜਿਥੇ ਆਪ ਖ਼ਾਲਸਾ ਅਖ਼ਬਾਰ, ਖਾਲਸਾ ਪ੍ਰੈਸ ਤੇ ਹੋਰ ਸਬੰਧਿਤ ਜੱਥੇਬੰਦੀ ਦੇ ਕੰਮਾ ਲਈ ਸਹਾਇਤਾ ਇਕੱਠੀ ਕਰਨ ਲਈ ਰਾਣਾ ਸਾਹਿਬ ਧੌਲਪੁਰ ਨੂੰ ਮਿਲਣ ਗਏ ਸਨ। ਇਹ ਸਫ਼ਰ ਭਾਈ ਸਾਹਿਬ ਦੇ ਅੰਤ ਦਾ ਕਾਰਨ ਹੋਇਆ ਤੇ ਸ੍ਰੀ ਨਗਰ (ਕੰਡਾ ਘਾਟ) ਪਹੁੰਚ ਕੇ ਉਹਨਾਂ ਦਾ ਦਿਲ ਅਚਾਣਕ ਖਰਾਬ ਹੋ ਗਿਆ ਜਿਸ ਕਰਕੇ ੨੪ ਸਤੰਬਰ ਸੰਨ ੧੮੯੮ ਦੀ ਰਾਤ ਨੂੰ ਅਚਣਚੇਤ ਦਿਲ ਦੀ ਹਰਕਤ ਬੰਦ ਹੋ ਜਾਣ ਕਰਕੇ ਉਹਨਾਂ ਦਾ ਦਿਹਾਂਤ ਹੋ ਗਿਆ। ਦੂਜੇ ਦਿਨ ਪਤਾ ਲੱਗਣ ਤੇ ਸਰਦਾਰ ਜਗਨੰਦਨ ਸਿੰਘ ਜੀ ਮੁਨਸਰਿਮ ਕੋਹਿਸਤਾਨ (ਪਟਿਆਲਾ) ਅਤੇ ਰਾਇ ਸਾਹਿਬ ਦੌਲਤ ਰਾਮ ਨੇ ਤਾਂਗੇ ਪਰ ਕਾਲਕਾ ਲੈ ਜਾ ਕੇ ਭਾਈ ਸਾਹਿਬ ਦੇ ਸਰੀਰ ਦਾ ਸਸਕਾਰ ਕਰ ਦਿਤਾ। ਇਸ ਤਰ੍ਹਾਂ ਗੁਰੂ ਪੰਥ ਦੇ ਇਕ ਪ੍ਰਸਿੱਧ ਆਗੂ ਦੀ, ਜੋ ਤਨ ਮਨ ਤੇ ਧੰਨ ਤੋਂ ਸਾਰੀ ਉਮਰ ਗੁਰੂ ਪੰਥ ਦੀ ਸੇਵਾ ਵਾਸਤੇ ਆਪਾ ਵਾਰਦਾ ਰਿਹਾ, ਸੰਸਾਰਕ ਲੀਲਾ ਸਮਾਪਤ ਹੋਈ।

ਪਿਛੇ ਰਹਿ ਗਈ ਭਾਈ ਗੁਰਮੁਖ ਸਿੰਘ ਜੀ ਦੀ ਸੁਪਤਨੀ ਜਿਸ ਦਾ ਨਾਂ ਸੀ ਬੀਬੀ ਪਰਮੇਸਰੀ ਦੇਵੀ। ਇਹ ਬੀਬੀ ਸੰਨ ੧੯੨੩ ਵਿਚ ਸੁਰਗਵਾਸ ਹੋਈ। ਘਰ ਸੰਤਾਨ ਕੋਈ ਨਹੀਂ ਸੀ। ਇਕ ਪਾਲਕ ਲੜਕਾ ਸੀ ਜੋ ਭਾਈ ਗੁਰਮੁਖ ਸਿੰਘ ਦੇ ਚਲਾਣੇ ਤੋਂ ਕੁਝ ਚਿਰ ਬਾਦ ਹੀ ਗੁਜ਼ਰ ਗਿਆ। ਲਾਹੌਰ ਦੇ ਕਈ ਸਿੱਖ ਵਿਦਿਆਰਥੀਆਂ ਨੂੰ ਜੋ ਖਾਸ ਕਰਕੇ ਆਪਣੇ ਦਿਲ ਵਿਚ ਪੰਥਕ ਸਨੇਹ ਰਖਦੇ ਸਨ, ਖ਼ਿਆਲ ਆਇਆ ਕਿ ਭਾਈ ਸਾਹਿਬ ਦੀ ਇਕ ਸੋਹਣੀ ਜਿਹੀ ਯਾਦਗਾਰ ਕਾਇਮ ਕੀਤੀ ਜਾਵੇ ਤੇ ਉਹਨਾਂ ਦਾ ਜੀਵਨ ਵੀ ਪ੍ਰਕਾਸ਼ਿਤ ਕੀਤਾ ਜਾਵੇ, ਇਸ ਕੰਮ ਲਈ ਓਹਨਾਂ ਨੇ ਆਪਣੀਆਂ ਸੈਕਿੰਡ ਹੈਂਡ ਕਿਤਾਬਾਂ ਵੇਚ ਕੇ ੪੦੦) ਰੁਪਿਆ ਵੀ ਇਕੱਠਾ ਕੀਤਾ ਪਰ ਖ਼ਾਲਸਾ ਦੀਵਾਨ ਲਾਹੌਰ ਦੇ ਦੋ ਚਾਰ ਉਂਗਲਾਂ ਤੇ ਗਿਣਵੇਂ ਆਗੂਆਂ ਤੋਂ ਬਿਨਾਂ ਹੋਰ ਕਿਸੇ ਨੇ ਵੀ ਇਸ ਬਾਰੇ ਹਾਮੀ ਨਾ ਭਰੀ, ਇਸ ਲਈ ਉਹਨਾਂ ਵਿਦਿਆਰਥੀਆਂ ਦਾ ਇਹ ਉਦਮ ਸਫਲ ਨਾ ਹੋ ਸਕਿਆ।

(ਧੰਨਵਾਦ ਸਹਿਤ ਸ: ਸ਼ਮਸ਼ੇਰ ਸਿੰਘ 'ਅਸ਼ੋਕ' ਦੇ ਲੇਖ ਦੇ ਅੰਸ਼)

Digitized by Panjab Digital Library | www.panjabdigilib.org